ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

# ਸਾਂਝੀ ਸੋਚ

SANJHI SOCH HD
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2379 | 18 February, 2026 Wednesday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260



Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511


# ਸਿੱਖਿਆ ਮੰਤਰੀ ਨੇ ਬੀਪੀਈਓ ਨੂੰ ਕੀਤਾ ਸਸਪੈਂਡ: ਸਕੂਲ 'ਤੇ ਮਾਰਿਆ ਛਾਪਾ ਵਿਦਿਆਰਥੀ ਨਹੀਂ ਪੜ੍ਹ ਸਕੇ ਪੰਜਾਬੀ, ਅਧਿਆਪਕਾਂ ਨੂੰ ਨੋਟਿਸ ਜਾਰੀ...

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਲੁਧਿਆਣਾ ਜ਼ਿਲ੍ਹੇ ਵਿੱਚ ਮਾਛੀਵਾੜਾ ਦੇ ਬਲਾਕ ਪ੍ਰਾਇਮਰੀ ਸਿੱਖਿਆ ਅਧਿਕਾਰੀ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਹੈ। ਬੈਂਸ ਨੇ ਮਾਛੀਵਾੜਾ ਦੇ ਇੰਦਰਾ ਕਲੋਨੀ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਛਾਪਾ ਮਾਰਿਆ। ਅਚਾਨਕ ਨਿਰੀਖਣ ਵਿੱਚ ਇੱਕ ਹੈਰਾਨ ਕਰਨ ਵਾਲੀ ਸਥਿਤੀ ਸਾਹਮਣੇ ਆਈ। ਨਿਰੀਖਣ ਦੌਰਾਨ, ਜ਼ਿਆਦਾਤਰ ਵਿਦਿਆਰਥੀ ਸਧਾਰਨ ਪੰਜਾਬੀ ਪਾਠ ਵੀ ਪੜ੍ਹਨ ਤੋਂ ਅਸਮਰੱਥ ਪਾਏ ਗਏ। ਸਖ਼ਤ ਕਾਰਵਾਈ ਕਰਦੇ ਹੋਏ, ਮੰਤਰੀ ਨੇ ਮਾਛੀਵਾੜਾ ਦੇ ਬਲਾਕ ਪ੍ਰਾਇਮਰੀ ਸਿੱਖਿਆ ਅਧਿਕਾਰੀ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ।

**3 ਅਧਿਆਪਕਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ**

ਮੰਤਰੀ ਬੈਂਸ ਨੇ ਘੱਟੋ-ਘੱਟ ਅਕਾਦਮਿਕ ਨਤੀਜੇ ਯਕੀਨੀ ਬਣਾਉਣ ਵਿੱਚ ਅਸਫਲ ਰਹਿਣ ਲਈ ਸਕੂਲ ਵਿੱਚ ਤਾਇਨਾਤ 3 ਅਧਿਆਪਕਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਨ ਦੇ ਵੀ ਨਿਰਦੇਸ਼ ਦਿੱਤੇ। ਨਿਰੀਖਣ ਤੋਂ ਬਾਅਦ, ਉਨ੍ਹਾਂ ਸਥਿਤੀ ਨੂੰ "ਬਹੁਤ ਚਿੰਤਾਜਨਕ" ਦੱਸਿਆ ਅਤੇ ਕਿਹਾ ਕਿ ਜੇਕਰ ਬੱਚਿਆਂ ਦੀ ਮੁੱਢਲੀ ਸਿੱਖਿਆ ਨੂੰ ਮਜ਼ਬੂਤ ਨਹੀਂ ਕੀਤਾ ਗਿਆ, ਤਾਂ ਇੱਕ ਪੂਰੀ ਪੀੜ੍ਹੀ ਦਾ ਭਵਿੱਖ ਪ੍ਰਭਾਵਿਤ ਹੋ ਸਕਦਾ ਹੈ।

ਮੰਤਰੀ ਬੈਂਸ ਨੇ ਕਿਹਾ, "ਜੋ ਅੱਜ ਮੈਂ ਦੇਖਿਆ ਉਹ, ਸਵੀਕਾਰਯੋਗ ਨਹੀਂ ਹੈ। ਬੱਚੇ ਆਪਣੀ ਮਾਤ ਭਾਸ਼ਾ ਵੀ ਪੜ੍ਹਨ ਤੋਂ ਅਸਮਰੱਥ ਹਨ। ਅਜਿਹੀ ਸਥਿਤੀ ਵਿੱਚ, ਉਹ ਭਵਿੱਖ ਵਿੱਚ ਡਾਕਟਰ, ਇੰਜੀਨੀਅਰ ਜਾਂ ਜ਼ਿੰਮੇਵਾਰ ਨਾਗਰਿਕ ਕਿਵੇਂ ਬਣਨਗੇ?" ਨਿਰੀਖਣ ਦੌਰਾਨ, ਮੰਤਰੀ ਨੇ ਸਕੂਲ ਦੀ ਅਧਿਕਾਰਤ ਅਕਾਦਮਿਕ ਰਿਪੋਰਟ ਦੀ ਵੀ ਸਮੀਖਿਆ ਕੀਤੀ, ਜਿਸ ਵਿੱਚ ਸਾਰੇ ਵਿਦਿਆਰਥੀਆਂ ਲਈ ਵਧੀਆ ਪ੍ਰਦਰਸ਼ਨ ਦਿਖਾਇਆ ਗਿਆ ਸੀ।




ਇਸ 'ਤੇ ਉਨ੍ਹਾਂ ਨੇ ਨਾਰਾਜ਼ਗੀ ਪ੍ਰਗਟ ਕਰਦੇ ਹੋਏ, ਕਿਹਾ ਕਿ ਕਾਗਜ਼ਾਂ ਅਤੇ ਜ਼ਮੀਨੀ ਹਕੀਕਤ ਵਿੱਚ ਕਾਫ਼ੀ ਅੰਤਰ ਹੈ, ਅਤੇ ਇਸਦੀ ਜਾਂਚ ਕੀਤੀ ਜਾਵੇਗੀ।

**ਰਿਕਾਰਡਾਂ ਨਾਲ ਛੇੜਛਾੜ ਕਰਨਾ ਜਨਤਾ ਦੇ ਵਿਸ਼ਵਾਸ ਨਾਲ ਧੋਖਾ**

ਬੈਂਸ ਨੇ ਅਧਿਕਾਰੀਆਂ ਨੂੰ ਚੇਤਾਵਨੀ ਦਿੱਤੀ ਕਿ ਰਿਕਾਰਡਾਂ ਨਾਲ ਛੇੜਛਾੜ ਕਰਨਾ ਜਨਤਕ ਵਿਸ਼ਵਾਸ ਨਾਲ ਧੋਖਾ ਹੈ। ਸਕੂਲ ਦੇ ਕੁਝ ਕਲਾਸਰੂਮਾਂ ਵਿੱਚ ਮਾੜੀ ਰੋਸ਼ਨੀ ਅਤੇ ਗੰਦਗੀ ਦੇਖਣ ਤੋਂ ਬਾਅਦ, ਮੰਤਰੀ ਨੇ ਬੁਨਿਆਦੀ ਢਾਂਚੇ ਅਤੇ ਸਫਾਈ ਵਿੱਚ ਤੁਰੰਤ ਸੁਧਾਰ ਕਰਨ ਦੇ ਆਦੇਸ਼ ਦਿੱਤੇ।

ਅਧਿਆਪਕਾਂ ਨੇ ਸਟਾਫ ਦੀ ਘਾਟ ਦਾ ਹਵਾਲਾ ਦਿੱਤਾ, ਪਰ ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਜ਼ਿੰਮੇਵਾਰੀ ਅਤੇ ਅਨੁਸ਼ਾਸਨ ਨਾਲ ਸਮਝੌਤਾ ਨਹੀਂ ਕੀਤਾ ਜਾਵੇਗਾ। ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ, ਉਨ੍ਹਾਂ ਕਿਹਾ ਕਿ ਨਵੀਂ ਭਰਤੀ ਅਤੇ ਸਖ਼ਤ ਨਿਗਰਾਨੀ ਜਾਰੀ ਰਹੇਗੀ। ਉਨ੍ਹਾਂ ਇਹ ਵੀ ਕਿਹਾ ਕਿ ਜਵਾਬਦੇਹੀ ਯਕੀਨੀ ਬਣਾਉਣ ਲਈ ਰਾਜ ਭਰ ਵਿੱਚ ਅਜਿਹੇ ਅਚਾਨਕ ਨਿਰੀਖਣ ਜਾਰੀ ਰਹਿਣਗੇ।


Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com


RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor ®
ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED



LAMBA VIDEO
★ Weddings ★ Birthdays ★ Photo Shoots
HD Quality
Wedding Videos
Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com



Mann & Associates Insurance Services, Inc.
Medicare Supplement Plans
• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ
• The American Rescue Plan passed by President Biden could save you hundreds or even thousands of dollars a month.
• There is more financial help than ever before
• Even if you didn't qualify for subsidies before, now you might be able to save thousands on health insurance premiums.
• Huge tax credits are available only if you apply thru Covered California
ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸ਼ੋਰੈਂਸ ਦਾ ਲੰਬੇ ਸਮੇਂ ਦਾ ਤਜਰਬਾ ਹੈ।
Anthem
Covered California | Certified Insurance Agent
Inderjeet Singh Mann
CA Lic# 0H82488
Ph.: (916) 900-2000



Space availabe for Ad
Contact #
+1 (209) 303-1260



Space availabe for Ad
Contact #
+1 (209) 303-1260



THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137



Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com | www.thepalfilms.com

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**

Specializing in all Types of Commercial Proprties

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**




# NAV INDIAN MERCHANDISE GROCERY STORE

**3230 MITCHELL ROAD, STE, C, CERES, CA 95307**





ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।





**ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ**

**ਇੱਕ ਵਾਰ Visit ਜ਼ਰੂਰ ਕਰੋ।**





Ria MONEY TRANSFER

**INDIA ਪੈਸੇ ਭੇਜਣ ਲਈ**

**RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ**

**Contact Number**

**+1 (209) 537-5702**

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

# ਵੱਡੇ ਭੂਆ ਜੀ




ਅੱਸੀਆਂ ਵਰ੍ਹਿਆਂ ਤੋਂ ਟੱਪ ਚੁੱਕੀ ਭੂਆ ਹੁਣ ਪਿਛਲੇ ਦੋ ਕੁ ਮਹੀਨਿਆਂ ਤੋਂ ਥੱਕ ਕੇ ਮੰਜ਼ੇ ਤੇ ਬੈਠ ਗਈ ਹੈ। ਜਿਨ੍ਹਾਂ ਪੈਰਾਂ ਨਾਲ ਉਸਨੇ ਸਾਰੀ ਉਮਰ ਦੁਨੀਆ ਗਾਹੀ ਸੀ ਉਹੀ ਪੈਰ ਹੁਣ ਉਸਦਾ ਭਾਰ ਚੁੱਕਣ ਤੋਂ ਇਨਕਾਰੀ ਹੋ ਗਏ ਹਨ। ਭੂਆ ਹੁਣ ਦਿਨ ਵਿੱਚ ਕਈ ਵਾਰ ਬੇਸੁਰਤ ਜਿਹੀ ਹੋ ਕੇ ਆਪਣੇ ਉਨ੍ਹਾਂ ਸਕੇ ਸੰਬੰਧੀਆਂ ਨਾਲ ਗੱਲਾਂ ਕਰਦੀ ਰਹਿੰਦੀ ਹੈ ਜੋ ਇਸ ਜਹਾਨ ਨੂੰ ਮੁਦਤ ਪਹਿਲਾਂ ਅਲਵਿਦਾ ਕਹਿ ਗਏ ਹਨ। ਜਦੋਂ ਉਹ ਇਕੱਲੀ ਹੀ ਗੱਲਾਂ ਕਰ ਰਹੀ ਹੁੰਦੀ ਹੈ ਤਾਂ ਉਸ ਵੇਲੇ ਭੂਆ ਨੂੰ ਵੇਖ ਕੇ ਲੱਗਦਾ ਹੈ ਕਿ ਜਿਵੇਂ ਉਹ ਇਸ ਲੋਕ ਵਿੱਚ ਨਾ ਹੋ ਪਰਲੋਕ ਵਿੱਚ ਬੈਠੀ ਹੋਵੇ। ਜਦੋਂ ਉਹ ਪਰਲੋਕ ਸਿਧਾਰ ਗਏ ਲੋਕਾਂ ਨਾਲ ਗੱਲਾਂ ਕਰਦੀ ਹੈ ਤਾਂ ਉਹ ਪਰਿਵਾਰ ਦੇ ਕਿਸੇ ਵੀ ਜੀਅ ਨੂੰ ਪਛਾਣਨੋਂ ਹੀ ਹਟ ਜਾਂਦੀ ਹੈ ਤੇ ਉਸ ਲਈ ਸਾਰਾ ਪਰਿਵਾਰ ਹੀ ਅਜਨਬੀ ਬਣ ਜਾਂਦਾ ਹੈ। ਉਸਦੇ ਪੋਤੇ ਪੋਤੀਆਂ ਬਥੇਰਾ ਭੂਆ ਨੂੰ ਹਲੂਣ ਹਲੂਣ ਕੇ ਦੱਸਦੇ ਹਨ ਕਿ ਬੇਬੇ ਮੈਂ ਤੇਰਾ ਪੋਤਾ ਮੈਂ ਤੇਰੀ ਪੋਤੀ ਹਾਂ ਪਰ ਭੂਆ ਉਨ੍ਹਾਂ ਦੇ ਮੂੰਹ ਵੱਲ ਅਣਜਾਣ ਬਣ ਕੇ ਵੇਖਦੀ ਰਹਿੰਦੀ ਹੈ। ਪਰ ਫਿਰ ਕਿੰਨੇ ਚਿਰ ਬਾਅਦ ਉਹ ਆਪਣੇ ਆਪ ਹੀ ਇਸ ਮਾਤਲੋਕ ਵਿੱਚ ਵਾਪਸ ਮੁੜ ਆਉਂਦੀ ਹੈ। ਭੂਆ ਦੀ ਹਾਲਤ ਵੇਖ ਕੇ ਲੱਗਦਾ ਹੈ ਜਿਵੇਂ ਉਹ ਮਾਤਲੋਕ ਤੇ ਪਰਲੋਕ ਦੇ ਵਿਚਾਲੇ ਕਿਤੇ ਅਟਕੀ ਹੋਈ ਹੈ ਜਿੱਥੋਂ ਉਸਨੂੰ ਦੋਹਾਂ ਪਾਸਿਆਂ ਦੇ ਲੋਕ ਦਿਖਾਈ ਦੇ ਰਹੇ ਹਨ। ਸ਼ਾਇਦ ਇਸ ਕਰਕੇ ਹੀ ਉਹ ਦੋਹਾਂ ਪਾਸੇ ਗੱਲਾਂ ਕਰਦੀ ਰਹਿੰਦੀ ਹੈ। ਭੂਆ ਸਾਰੀ ਉਮਰ ਕਦੇ ਬੀਮਾਰ ਨਹੀਂ ਹੋਈ ਸੀ ਜੇਕਰ ਕਦੇ ਜ਼ਿੰਦਗੀ ਵਿੱਚ ਮਾੜਾ ਮੋਟਾ ਬੁਖ਼ਾਰ ਚੜ੍ਹਿਆ ਵੀ ਸੀ ਤਾਂ ਉਹ ਦਵਾਈ ਬੂਟੀ ਨਾਲ ਠੀਕ ਹੋ ਜਾਂਦਾ ਸੀ। ਪਰ ਹੁਣ ਪਿਛਲੇ ਦੋ ਮਹੀਨਿਆਂ ਤੋਂ ਉਹ ਹੌਲੀ ਹੌਲੀ ਥੱਕ ਕੇ ਮੰਜ਼ੇ ਤੇ ਬੈਠ ਗਈ ਸੀ। ਭੂਆ ਨੂੰ ਤਕਲੀਫ਼ ਤਾਂ ਹੁਣ ਵੀ ਕੋਈ ਖਾਸ ਨਹੀਂ ਸੀ ਬੱਸ ਵੱਡੀ ਉਮਰ ਹੋਣ ਕਰਕੇ ਕਮਜ਼ੋਰੀ ਜਿਹੀ ਆ ਗਈ ਸੀ। ਇਸ ਕਮਜ਼ੋਰੀ ਕਰਕੇ ਹੀ ਉਸਦੇ ਅੰਗ ਬੋਦੇ ਹੋ ਕੇ ਇੱਕ ਇੱਕ ਕਰਕੇ ਜਵਾਬ ਦਿੰਦੇ ਜਾ ਰਹੇ ਸਨ। ਰੋਟੀ ਤਾਂ ਉਸ ਦੇ ਗਲ਼ੇ ਵਿੱਚੋਂ ਕਿੰਨੇ ਦਿਨਾਂ ਦੀ ਲੰਘ ਹੀ ਨਹੀਂ ਰਹੀ ਸੀ ਜਿਸ ਕਰਕੇ ਉਸਨੂੰ ਖਿਚੜੀ,ਦਲੀਆ ਤੇ ਹੋਰ ਤਰਲ ਚੀਜ਼ਾਂ ਹੀ ਖਾਣ ਪੀਣ ਲਈ ਦਿੱਤੀਆਂ ਜਾ ਰਹੀਆਂ ਸਨ। ਖਿਚੜੀ, ਦਲੀਆ ਵੀ ਜੇਕਰ ਉਸਦਾ ਦਿਲ ਕਰਦਾ ਤਾਂ ਦਿਨ ਵਿੱਚ ਚਾਰ ਚਮਚ ਅੰਦਰ ਲੰਘਾ ਲੈਂਦੀ ਪਰ ਜੇ ਕਿਸੇ ਦਿਨ ਉਸਦਾ ਮਨ ਨਾ ਮੰਨਦਾ ਹੁੰਦਾ ਤਾਂ ਸਾਰਾ ਦਿਨ ਪਾਣੀ ਦੀਆਂ ਚਾਰ ਘੁੱਟਾਂ ਪੀ ਕੇ ਹੀ ਲੰਘਾ ਦਿੰਦੀ ਸੀ। ਭੂਆ ਦੀ ਐਨੀ ਉਮਰ ਹੋ ਗਈ ਸੀ ਅੱਜ ਤੱਕ ਉਸਦਾ ਕਦੇ ਹੱਥ ਪੈਰ ਕੁਝ ਨਹੀਂ ਦੁਖਿਆ ਸੀ। ਪਰ ਆਹ ਬੁਢਾਪੇ ਵਾਲੀ ਚੰਦਰੀ ਕਮਜ਼ੋਰੀ ਨੇ ਹੌਲੀ ਹੌਲੀ ਭੂਆ ਨੂੰ ਦੱਬ ਲਿਆ ਸੀ। ਭੂਆ ਦੀ ਉਮਰ ਭਾਵੇਂ ਅੱਸੀਆਂ ਵਰ੍ਹਿਆਂ ਤੋਂ ਉੱਪਰ ਹੋ ਗਈ ਸੀ ਪਰ ਜਦੋਂ ਕਹਿੰਦੇ ਹੱਥ ਪੈਰ ਵਧੀਆ ਚੱਲਦੇ ਹੋਣ ਤਾਂ ਸੌ ਸਾਲ ਦੀ ਉਮਰ ਵੀ ਬੰਦੇ ਨੂੰ ਘੱਟ ਲੱਗਦੀ ਹੈ। ਦੋ ਢਾਈ ਮਹੀਨੇ ਪਹਿਲਾਂ ਭੂਆ ਵੀ ਨੌਂ ਬਰ ਨੌਂ ਵਧੀਆ ਤੁਰੀ ਫਿਰਦੀ ਸੀ। ਪਰ ਅਚਾਨਕ ਬੀਮਾਰ ਹੋ ਕੇ ਮੰਜ਼ੇ ਨਾਲ ਜੁੜਨ ਕਰਕੇ ਹੁਣ ਹਰੇਕ ਨੂੰ ਭੂਆ ਦੀ ਉਮਰ ਵੱਡੀ ਲੱਗਣ ਲੱਗ ਪਈ ਸੀ। ਭੂਆ ਆਪਣੀ ਉਮਰ ਬਾਰੇ ਅਕਸਰ ਗੱਲਾਂ ਕਰਦਿਆਂ ਦੱਸਦੀ ਕਿ ਰੌਲ਼ੇ ਵਾਲੇ ਸਾਲ ਸਮੇਂ ਮੈਂ ਚਾਰ ਪੰਜ ਸਾਲਾਂ ਦੀ ਹੋਵਾਂਗੀ। ਮੇਰਾ ਜਨਮ ਦਿੜ੍ਹਬੇ ਦਾ ਹੈ ਤੇ ਉਸ ਸਮੇਂ ਮੇਰੇ ਬਾਪੂ ਜੀ ਅੰਗਰੇਜ਼ੀ ਸਰਕਾਰ ਦੀ ਪੁਲਿਸ ਵਿੱਚ ਸਿਪਾਹੀ ਦੀ ਨੌਕਰੀ ਕਰਦੇ ਸਨ ਜਦੋਂ ਮੇਰਾ ਜਨਮ ਹੋਇਆ ਸੀ ਤਾਂ ਉਸ ਸਮੇਂ ਮੇਰੇ ਬਾਪੂ ਜੀ ਦੀ ਡਿਊਟੀ ਦਿੜ੍ਹਬੇ ਠਾਣੇ ਵਿੱਚ ਹੁੰਦੀ ਸੀ। ਉੱਥੇ ਹੀ ਸਰਕਾਰੀ ਕੁਆਰਟਰ ਵਿੱਚ ਮੇਰਾ ਜਨਮ ਹੋਇਆ ਸੀ। ਜਿਨ੍ਹਾਂ ਸਮਿਆਂ ਵਿੱਚ ਭੂਆ ਦਾ ਜਨਮ ਹੋਇਆ ਸੀ ਉਦੋਂ ਕੁੜੀਆਂ ਨੂੰ ਸਕੂਲ ਭੇਜਣ ਦਾ ਤਾਂ ਰਿਵਾਜ ਹੀ ਨਹੀਂ ਸੀ। ਇਸ ਕਰਕੇ ਭੂਆ ਅੱਖਰੀ ਗਿਆਨ ਤੋਂ ਤਾਂ ਬਿਲਕੁੱਲ ਹੀ ਕੋਰੀ ਰਹਿ ਗਈ ਸੀ। ਭੂਆ ਆਪਣੀਆਂ ਭੈਣਾਂ ਵਿੱਚੋਂ ਸਭ ਤੋਂ ਵੱਡੇ ਹਨ ਤੇ ਉਹਨਾਂ ਤੋਂ ਛੋਟੀਆਂ ਤਿੰਨ ਭੈਣਾਂ ਹੋਰ ਹਨ। ਚਾਰ ਭੈਣਾਂ ਹੋਣ ਕਰਕੇ ਹੀ ਭੂਆ ਦਾ ਵਿਆਹ ਵੀ ਛੋਟੀ ਉਮਰ ਵਿੱਚ ਹੀ ਕਰ ਦਿੱਤਾ ਸੀ। ਭੂਆ ਦੱਸਦੀ ਹੁੰਦੀ ਸੀ ਕਿ ਉਸ ਦੀ ਬਰਾਤ ਊਠਾਂ ਤੇ ਆਈ ਸੀ ਤੇ ਉਹ ਰਾਤ ਰਹਿ ਕੇ ਦੂਜੇ ਦਿਨ ਵਿਆਹ ਕੇ ਲੈ ਕੇ ਗਏ ਸਨ। ਭੂਆ ਦਾ ਸਹੁਰਾ ਪਿੰਡ ਮੇਨ ਸੜਕ ਤੋਂ ਪੰਜ ਛੇ ਕੋਹ ਪਿੱਛੇ ਹਟਵਾਂ ਹਰਿਆਣਾ ਦੇ ਬਾਰਡਰ ਲਾਗੇ ਹੋਣ ਕਰਕੇ ਬੱਸ ਤਾਂ ਕੋਈ ਜਾਂਦੀ ਹੀ ਨਹੀਂ ਸੀ। ਇਸ ਕਰਕੇ ਕਿਤੇ ਆਉਣ ਜਾਣ ਵੇਲੇ ਪੰਜ ਛੇ ਕੋਹ ਤੁਰ ਕੇ ਬੱਸ ਚੜ੍ਹਨਾ ਪੈਂਦਾ ਸੀ। ਭੂਆ ਨੇ ਵਿਆਹ ਤੋਂ ਬਾਅਦ ਫੁੱਫੜ ਜੀ ਦੇ ਮੋਢੇ ਨਾਲ ਮੋਢਾ ਜੋੜ ਕੇ ਬੰਦਿਆਂ ਵਾਂਗ ਹੱਡ ਭੰਨਵਾਂ ਕੰਮ ਕੀਤਾ ਸੀ। ਉਨ੍ਹਾਂ ਆਪਣੇ ਢਿੱਡ ਨੂੰ ਗੰਢਾਂ ਦੇ ਕੇ ਹੀ ਆਪਣੇ ਪੁਰਖਿਆਂ ਦੀ ਜ਼ਮੀਨ ਜਾਇਦਾਦ ਨੂੰ ਦੁੱਗਣੀ ਕਰ ਦਿੱਤੀ ਸੀ। ਭੂਆ ਦੇ ਦੱਸਣ ਮੁਤਾਬਕ ਜਦੋਂ ਉਹ ਨਵੀਂ ਵਿਆਹੀ ਆਪਣੇ ਸਹੁਰੇ ਘਰ ਆਈ ਸੀ ਤਾਂ ਉਨ੍ਹਾਂ ਦੀ ਜ਼ਮੀਨ ਨਹਿਰ ਦੇ ਪਰਲੇ ਪਾਸੇ ਹੁੰਦੀ ਸੀ ਉਨ੍ਹਾਂ ਵੇਲਿਆਂ ਵਿੱਚ ਨਹਿਰ ਤੇ ਇੱਕੋ ਪੁਲ ਹੀ ਹੁੰਦਾ ਸੀ। ਜਿਸ ਕਰਕੇ ਖੇਤ ਰੋਟੀ ਲੈ ਕੇ ਜਾਣ ਲਈ ਦੋ ਤਿੰਨ ਕੋਹ ਦਾ ਵਲ ਪਾ ਕੇ ਪੁਲ ਉੱਪਰ ਦੀ ਜਾਣਾ ਪੈਂਦਾ ਸੀ। ਉਹ ਪਹਿਲਾਂ ਸਵੇਰੇ ਜਲਦੀ ਉੱਠ ਕੇ ਘਰ ਦਾ ਸਾਰਾ ਕੰਮ ਨਿਬੇੜਦੀ ਤੇ ਫਿਰ ਫੁੱਫੜ ਹੁਰਾਂ ਵਾਸਤੇ ਰੋਟੀ ਲੈ ਕੇ ਜਾਂਦੀ। ਉਸ ਤੋਂ ਬਾਅਦ ਘਰ ਮੁੜ ਕੇ ਮਾਲ ਪਸ਼ੂ ਨੂੰ ਸੰਭਾਲਦੀ। ਭੂਆ ਨੇ ਪਤਾ ਹੀ ਨਹੀਂ ਕਿੰਨੀਆਂ ਹਾੜੀਆਂ ਸਾਉਣੀਆਂ ਫੁੱਫੜ ਨਾਲ ਵਢਾਈਆਂ ਹਨ। ਭੂਆ ਨੇ ਸਾਰੀ ਉਮਰ ਹੱਥੀਂ ਕਿਰਤ ਕਰਨ ਨੂੰ ਤਰਜੀਹ ਦਿੱਤੀ ਹੈ। ਉਸਨੇ ਕਦੇ ਵੀ ਕਿਸੇ ਕੰਮ ਲਈ ਮੱਥੇ ਵੱਟ ਨਹੀਂ ਪਾਇਆ ਹੈ। ਆਹ ਪਿਛਲੀ ਉਮਰੇ ਵੀ ਭੂਆ ਭਾਵੇਂ ਬਿਰਧ ਹੋ ਗਈ ਸੀ ਪਰ ਉਹ ਹੁਣ ਵੀ ਸਿਆਲਾਂ ਵਿੱਚ ਜਦ ਸਾਡੇ ਕੋਲ ਆਉਂਦੀ ਤਾਂ ਕਦੇ ਵੀ ਘਰ ਆ ਕੇ ਵਿਹਲੀ ਨਹੀਂ ਬੈਠਦੀ ਸੀ। ਉਹ ਰਾਤ ਨੂੰ ਮੇਰੀ ਮਾਂ ਨਾਲ ਬੈਠੀ ਗੱਲਾਂ ਕਰਦੀ ਹਫ਼ਤੇ ਦਸ ਦਿਨਾਂ ਵਿੱਚ ਸਾਡੇ ਨਰਮੇ ਦੇ ਸਾਰੇ ਟੀਂਡੇ ਕੱਢ ਜਾਂਦੀ ਸੀ। ਭੂਆ ਹਰ ਸਾਲ ਜਿੰਨੇ ਦਿਨ ਵੀ ਸਾਡੇ ਕੋਲ ਰਹਿੰਦੀ ਉਹ ਆਂਢ ਗੁਆਂਢ ਸਮੇਤ ਪਿੰਡ ਦੇ ਕਿੰਨੇ ਹੀ ਘਰਾਂ ਵਿੱਚ ਜਾ ਕੇ ਉਨ੍ਹਾਂ ਦੀ ਖ਼ੈਰ ਸੁੱਖ ਪੁੱਛ ਆਉਂਦੀ ਸੀ। ਇਹ ਉਸਦਾ ਉਸਦਾ ਪੱਕਾ ਪਰਨ ਸੀ ਤੇ ਇਹੀ ਗੁਣ ਉਸਨੂੰ ਆਪਣੀਆਂ ਭੈਣਾਂ ਨਾਲੋਂ ਵੱਖਰਾ ਕਰਦਾ ਸੀ। ਭੂਆ ਨੂੰ ਮੈਂ ਆਪਣੀ ਸੁਰਤ ਸੰਭਾਲਣ ਤੋਂ ਵੇਖਦਾ ਆ ਰਿਹਾ ਹਾਂ ਉਹ ਹਮੇਸ਼ਾ ਨਵੇਂ ਰਿਸ਼ਤੇ ਗੰਢਣ ਵਿੱਚ ਯਕੀਨ ਰੱਖਦੀ ਹੈ। ਉਹ ਕਿਸੇ ਵੀ ਖੁਸ਼ੀ ਗ਼ਮੀ ਦੇ ਮੌਕਿਆਂ ਤੇ ਕਿਤੇ ਵੀ ਗਈ ਉੱਥੇ ਅਣਜਾਣ ਬੁੜੀਆਂ ਨਾਲ ਰਿਸ਼ਤੇਦਾਰੀਆਂ ਕੱਢਦੀ ਰਹਿੰਦੀ। ਉਹ ਕਈ ਵਾਰ ਬੱਸ ਅੱਡੇ ਤੇ ਬੱਸ ਦੀ ਉਡੀਕ ਵਿੱਚ ਹੀ ਬੁੜੀਆਂ ਨਾਲ ਅਗਾਂਹ ਦੀ ਅਗਾਂਹ ਕੋਈ ਨਾ ਕੋਈ ਰਿਸ਼ਤੇਦਾਰੀ ਕੱਢ ਲੈਂਦੀ ਸੀ। ਮੇਰੇ ਯਾਦ ਹੈ ਪੰਦਰਾਂ ਕੁ ਸਾਲ ਪਹਿਲਾਂ ਮੇਰਾ ਐਕਸੀਡੈਂਟ ਹੋ ਗਿਆ ਸੀ ਤਾਂ ਹਫ਼ਤਾ ਕੁ ਮੈਨੂੰ ਹਸਪਤਾਲ ਵਿੱਚ ਦਾਖਲ ਰਹਿਣਾ ਪਿਆ ਸੀ। ਭੂਆ ਪੂਰਾ ਹਫ਼ਤਾ ਦਿਨ ਰਾਤ ਹਸਪਤਾਲ ਵਿੱਚ ਮੇਰੇ ਸਿਰਹਾਣੇ ਬੈਠੀ ਰਹੀ ਸੀ। ਉਸ ਸਮੇਂ ਦੌਰਾਨ ਉਸਨੇ ਹਸਪਤਾਲ ਵਿੱਚ ਮੇਰੀ ਦੇਖਭਾਲ ਕਰਦਿਆਂ ਮੇਰੇ ਨੇੜਲੇ ਕਿੰਨੇ ਹੀ ਮਰੀਜ਼ਾਂ ਤੇ ਉਨ੍ਹਾਂ ਦੇ ਸਕੇ ਸੰਬੰਧੀਆਂ ਨਾਲ ਰਿਸ਼ਤੇਦਾਰੀਆਂ ਕੱਢ ਲਈਆਂ ਸਨ। ਹਫ਼ਤੇ ਕੁ ਮਗਰੋਂ ਜਦ ਅਸੀਂ ਹਸਪਤਾਲੋ ਛੁੱਟੀ ਲੈ ਕੇ ਤੁਰਨ ਲੱਗੇ ਤਾਂ ਉੱਥੇ ਮੌਜੂਦ ਸਾਰੇ ਬੰਦੇ ਬੁੜੀਆਂ ਭੂਆ ਨੂੰ ਇੰਝ ਮਿਲ ਰਹੇ ਸਨ ਜਿਵੇਂ ਉਹ ਆਪਣੇ ਪਰਿਵਾਰ ਨੂੰ ਹੀ ਛੱਡ ਕੇ ਜਾ ਰਹੀ ਹੋਵੇ। ਭੂਆ ਕੋਲ ਬੇਗਾਨਿਆਂ ਨੂੰ ਆਪਣੇ ਬਣਾਉਣ ਦੀ ਜਮਾਂਦਰੂ ਕਲਾ ਹੈ। ਭੂਆ ਦੇ ਬੀਮਾਰ ਹੋ ਕੇ ਮੰਜ਼ੇ ਤੇ ਬੈਠਣ ਤੋਂ ਬਾਅਦ ਮੈਂ ਜਦੋਂ ਪਿਛਲੇ ਹਫ਼ਤੇ ਉਸਦਾ ਪਤਾ ਲੈਣ ਗਿਆ ਤਾਂ ਮੈਂ ਵੇਖਿਆ ਕਦੇ ਵੀ ਇੱਕ ਪਲ਼ ਲਈ ਵੀ ਵਿਹਲੀ ਨਾ ਰਹਿਣ ਵਾਲੀ ਭੂਆ ਮੰਜ਼ੇ ਤੇ ਅੱਖਾਂ ਮੀਟੀ ਨਿਢਾਲ ਪਈ ਸੀ। ਮੈਂ ਉਸਦੇ ਕੋਲ ਜਦੋਂ ਸਿਰਹਾਣੇ ਬੈਠ ਕੇ ਉਸ ਦਾ ਹੱਥ ਫੜ ਕੇ ਪੁੱਛਿਆ ਕਿ ਮੈਂ ਕੌਣ ਹਾਂ,ਮੈਨੂੰ ਸਿਆਣ ਲਿਆ ਹੈ ਕਿ ਨਹੀਂ? ਉਸਨੇ ਮੇਰਾ ਨਾਂ ਲੈ ਕੇ ਹਾਂ ਕਹਿ ਕੇ ਮੇਰਾ ਸਿਰ ਪਲੋਸਦਿਆਂ ਕਿਹਾ,"ਆਹੋ ਪੁੱਤ ਤੈਨੂੰ ਤਾਂ ਸਿਆਣ ਲਿਆ ਹੈ ਪਰ ਆਹ ਘਰ ਨੀ ਮੇਰੇ ਸਿਆਣ ਵਿੱਚ ਆਉਂਦਾ ਹੈ। ਪੁੱਤ ਇਹ ਘਰ ਕਿਸਦਾ ਹੈ?ਜਦ ਭੂਆ ਨੇ ਆਪਣੇ ਘਰ ਬਾਰੇ ਇਸ ਤਰ੍ਹਾਂ ਕਿਹਾ ਤਾਂ ਮੈਂ ਹੈਰਾਨ ਰਹਿ ਗਿਆ। ਜਿਸ ਘਰ ਵਿੱਚ ਭੂਆ ਨੇ ਵਿਆਹ ਤੋਂ ਬਾਅਦ ਹੁਣ ਤੱਕ ਆਪਣੀ ਸਾਰੀ ਉਮਰ ਗੁਜ਼ਾਰੀ ਸੀ ਉਹੀ ਘਰ ਹੁਣ ਭੂਆ ਵਾਸਤੇ ਬੇਸਿਆਣ ਹੋ ਗਿਆ ਸੀ। ਉਸ ਤੋਂ ਮੈਂ ਉਸ ਨੂੰ ਪੁੱਛਿਆ ਕਿ ਭੂਆ ਤੇਰਾ ਕੀ ਦੁਖਦਾ ਹੈ ਤਾਂ ਉਸ ਨੇ ਕਿਹਾ,'ਵੇ ਪੁੱਤ ਮੇਰਾ ਦੁੱਖਦਾ ਕੁਝ ਨਹੀਂ ਬੱਸ ਸਰੀਰ 'ਚ ਸਾਹ ਸਤ ਜਿਹਾ ਹੀ ਨਹੀਂ ਰਿਹਾ ਹੈ। ਮੇਰੇ ਉੱਥੇ ਬੈਠਿਆਂ ਹੀ ਜਦ ਭੂਆ ਨੂੰ ਚਮਚੇ ਨਾਲ ਚਾਹ ਪਿਆਈ ਤਾਂ ਬਾਅਦ ਜਦ ਫਿਰ ਮੇਰੇ ਬੈਠਿਆਂ ਹੀ ਭੂਆ ਨੂੰ ਚਮਚੇ ਨਾਲ ਚਾਹ ਪਿਆਈ ਤਾਂ ਮੇਰੇ ਅੰਦਰੋਂ ਭੁੱਬ ਨਿਕਲ ਗਈ ਮੈਂ ਮਸਾਂ ਆਪਣੇ ਅੱਖਾਂ ਵਿਚਲੇ ਪਾਣੀ ਨੂੰ ਬਾਹਰ ਨਿਕਲਣ ਤੋਂ ਰੋਕਿਆ। ਮੈਂ ਤੁਰਨ ਤੋਂ ਪਹਿਲਾਂ ਭੂਆ ਨੂੰ ਜਲਦੀ ਤੰਦਰੁਸਤ ਹੋਣ ਦਾ ਹੌਂਸਲਾ ਦਿੰਦਿਆਂ ਕਿਹਾ, ਕੋਈ ਨਾ ਭੂਆ ਫ਼ਿਕਰ ਨਾ ਕਰ ਤੂੰ ਜਲਦੀ ਹੀ ਠੀਕ ਹੋ ਜਾਵੇਗੀ ਫਿਰ ਮੈਂ ਤੈਨੂੰ ਆਪਣੇ ਪਿੰਡ ਲੈ ਕੇ ਜਾਵਾਂਗਾ। ਮੇਰੀ ਗੱਲ ਸੁਣ ਕੇ ਭੂਆ ਨੇ ਮੰਜ਼ੇ ਤੇ ਪਿਆਂ ਹੀ ਮੱਧਮ ਜਿਹੀ ਆਵਾਜ਼ ਵਿੱਚ ਹਾਂ ਕਹਿੰਦਿਆਂ ਮੇਰਾ ਸਿਰ ਪਲੋਸਿਆ। ਉਸ ਤੋਂ ਬਾਅਦ ਮੈਂ ਵਾਪਸ ਪਿੰਡ ਮੁੜਦਿਆਂ ਰੱਬ ਅੱਗੇ ਅਰਦਾਸ ਕੀਤੀ ਕਿ ਰੱਬਾ ਕਿਰਤ ਦੀ ਮੂਰਤ ਤੇ ਰਿਸ਼ਤੇ ਗੰਢਣ ਵਾਲੀ ਮੇਰੀ ਭੂਆ ਨੂੰ ਇਸ ਤਰ੍ਹਾਂ ਬੇਸੁਰਤ ਕਰਕੇ ਮਾਤਲੋਕ ਤੇ ਪਰਲੋਕ ਵਿਚਾਲੇ ਨਾ ਲਟਕਾ ਜਾਂ ਤਾਂ ਰੱਬਾ ਉਸਨੂੰ ਛੇਤੀ ਤੁਰਨ ਫਿਰਨ ਜੋਗੀ ਕਰਦੇ ਨਹੀਂ ਫਿਰ ਆਪਣੇ ਕੋਲ ਬੁਲਾ ਕੇ ਆਪਣੇ ਚਰਨੀਂ ਲਾ ਲੈ ਰੱਬਾ।

PERSONAL CONTACT NOTICE

To,
Rupinder Kaur, daughter of Late Harbans Singh Sandhu
If you are reading this notice, please contact Rajdeep Singh regarding an important personal matter.
You may contact me at:Phone: 669-290-3084
Email: Rajdeepsinghpooni72@gmail.com
This notice is published solely to request contact.

Information in Public Interest

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ |
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307

REALTY UNPLUGGED

# ਤੁਹਾਡੀਆਂ ਜੜ੍ਹਾਂ ਤੁਹਾਡਾ ਮੁਨਾਫ਼ਾ $



ਸਮਝਦਾਰ NRI ਪੰਜਾਬੀਆਂ ਨੇ 2024 ਵੱਚਿ ਭਾਰਤੀ ਰੀਅਲ ਅਸਟੇਟ ਵੱਚਿ **$13 ਬਲਿੀਅਨ** ਲਗਾਏ—ਕਉਿੰਕਿ ਉਹਨਾਂ ਨੂੰ ਪਤਾ ਸੀ:

**ਤੁਹਾਡਾ ਡਾਲਰ + ਭਾਰਤ ਦੀ ਤਰੱਕੀ = ਪੀੜ੍ਹੀਆਂ ਦੀ ਦੌਲਤ**

## ਜਦੋਂ ਤੁਹਾਡਾ ਡਾਲਰ ਬਾਹਰ 4% ਕਮਾਉਂਦਾ ਹੈ, ਭਾਰਤ 18-20% ਦੇਂਦਾ ਹੈ

- **7.2% GDP ਵਾਧਾ** - ਦੁਨੀਆਂ ਦੀ 3.1% ਨਾਲੋਂ ਦੁੱਗਣਾ ਤੇਜ਼
- **3.48 ਲੱਖ ਹੁਨਰਮੰਦ ਭਾਰਤੀ** 2024 ਵੱਚਿ ਵਾਪਸ ਆਏ
- **$70 ਬਲਿੀਅਨ+ ਵਦਿੇਸ਼ੀ ਨਵਿੇਸ਼** - ਦੁਨੀਆਂ ਦਾ ਭਰੋਸਾ ਭਾਰਤ ਉੱਤੇ

## ਤੁਹਾਡੇ ਲਈ ਨਵਿੇਸ਼ ਦੇ ਰਾਹ

| ਨਵਿੇਸ਼ ਦੀ ਕਸਿਮ | ਸਾਲਾਨਾ ਮੁਨਾਫ਼ਾ | ਕਸਿ ਲਈ ਢੁਕਵਾਂ |
|---|---|---|
| ਵਕਿਾਸਸ਼ੀਲ ਇਲਾਕਆਿਂ ਦੀ ਜ਼ਮੀਨ | 18-20% ਵਾਧਾ | ਲੰਮੀ ਮਆਿਦ ਦੀ ਦੌਲਤ |
| ਨਰਿਮਾਣ ਅਧੀਨ ਪ੍ਰੀਮੀਅਮ ਫਲੈਟ | 16-18% ਵਾਧਾ | ਪੂੰਜੀ ਵਾਧਾ |
| ਸਟੂਡੀਓ ਅਪਾਰਟਮੈਂਟ | 7-9% ਕਰਿਾਇਆ + 7-9% ਵਾਧਾ | ਨਯਿਮਤਿ ਆਮਦਨ |
| ਪ੍ਰੀ-ਲੀਜ਼ਡ ਕਮਰਸ਼ੀਅਲ | 6-8% ਕਰਿਾਇਆ + 6-8% ਵਾਧਾ | ਸੁਰੱਖਅਿਤ ਨਿਵੇਸ਼ |

**ਨਵਿੇਸ਼ ਸੀਮਾ:** $100,000 ਤੋਂ $1,000,000 ਤੱਕ — ਸਮੇਂ ਦੀ ਕੋਈ ਪਾਬੰਦੀ ਨਹੀ।

## 147 NRI ਪਰਵਿਾਰਾਂ ਦਾ ਭਰੋਸਾ - Realty Unplugged

**ਸਾਡੇ ਸਫਲਤਾ ਦੇ ਕਿੱਸੇ:**

**2017 ਗੁੜਗਾਂਵ:** 7 ਸਾਲਾਂ ਵਿੱਚ 3 ਗੁਣਾ ਮੁਨਾਫ਼ਾ

**2020 ਚੰਡੀਗੜ੍ਹ:** 4 ਸਾਲਾਂ ਵਿੱਚ ਦੁੱਗਣਾ ਵਾਧਾ

**2022 ਪੁਣੇ:** 2 ਸਾਲਾਂ ਵਿੱਚ 58% ਵਾਧਾ

ਆਪਣੇ ਭਵੱਖਿ ਨੂੰ ਸੁਰੱਖਅਿਤ ਕਰੋ - ਅੱਜ ਹੀ!

**Call : +91 73038-88722**

**Subhiney Chabra : +91 97802-06080**

Let's Start!

ਤੁਸੀ ਅਮਰੀਕਾ ਵੱਚਿ । ਤੁਹਾਡੀ ਜਾਇਦਾਦ ਭਾਰਤ ਵੱਚਿ ।
ਅਸੀ ਤੁਹਾਡੀਆਂ ਅੱਖਾਂ, ਹੱਥ ਅਤੇ ਕਾਨੂੰਨੀ ਢਾਲ।


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
Video Advertising
POSTERS DESIGN
We design flyers, Posters and Post Cards to promote your business
Positive Vibes
BUSINESS CARD DESIGN
WE DESIGN YOUR BUSINESS CARD
COMPANY
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
24/7
CUSTOMER SERVICE
For more information call
Boota Singh Basi +1 (209) 303-1260

## ਮੋਦੀ ਨੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨਾਲ ਕੀਤੀ ਮੁਲਾਕਾਤ ਭਾਰਤ-ਫਰਾਂਸ ਵਿਚਾਲੇ 3.25 ਲੱਖ ਕਰੋੜ ਰੁਪਏ ਦਾ ਸਮਝੌਤਾ ਸੰਭਵ!

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੁੰਬਈ ਵਿੱਚ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨਾਲ ਮੁਲਾਕਾਤ ਕੀਤੀ ਹੈ। ਪੀਐਮ ਮੋਦੀ ਅਤੇ ਮੈਕਰੋਂ ਦੀ ਮੁਲਾਕਾਤ ਦੀਆਂ ਤਸਵੀਰਾਂ ਵੀ ਸਾਹਮਣੇ ਆਈਆਂ ਹਨ, ਜਿਸ ਵਿੱਚ ਦੋਵੇਂ ਆਗੂ ਬਹੁਤ ਗਰਮਜੋਸ਼ੀ ਨਾਲ ਹੱਥ ਮਿਲਾਉਂਦੇ ਅਤੇ ਫੋਟੋਸ਼ੂਟ ਕਰਵਾਉਂਦੇ ਨਜ਼ਰ ਆ ਰਹੇ ਹਨ। ਪ੍ਰਧਾਨ ਮੰਤਰੀ ਮੋਦੀ ਅਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਮੁੰਬਈ ਦੇ ਲੋਕ ਭਵਨ ਵਿਖੇ ਮੀਟਿੰਗ ਕਰ ਰਹੇ ਹਨ।

ਇਹ ਗੱਲਬਾਤ ਭਾਰਤ ਅਤੇ ਫਰਾਂਸ ਵਿਚਕਾਰ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਕੀਤੀ ਜਾ ਰਹੀ ਹੈ। ਭਾਰਤ ਅਤੇ ਫਰਾਂਸ ਵਿਚਕਾਰ ਅੱਜ ਲਗਭਗ 3.25 ਲੱਖ ਕਰੋੜ ਦੇ ਇੱਕ ਵੱਡੇ ਰੱਖਿਆ ਸੌਦੇ 'ਤੇ ਦਸਤਖਤ ਹੋਣ ਦੀ ਉਮੀਦ ਹੈ। ਇਸਨੂੰ ਮੁੱਲ ਦੇ ਮਾਮਲੇ ਵਿੱਚ ਭਾਰਤ ਦਾ ਸਭ ਤੋਂ ਵੱਡਾ ਫੌਜੀ ਸੌਦਾ ਮੰਨਿਆ ਜਾਂਦਾ ਹੈ। ਇਸ ਸਮਝੌਤੇ ਦੇ ਤਹਿਤ, ਭਾਰਤ ਨੂੰ 114 ਰਾਫੇਲ ਲੜਾਕੂ ਜਹਾਜ਼ ਮਿਲਣਗੇ।

ਦੋਵੇਂ ਆਗੂ ਸ਼ਾਮ ਨੂੰ 'ਭਾਰਤ-ਫਰਾਂਸ ਇਨੋਵੇਸ਼ਨ ਈਅਰ 2026' ਦਾ ਉਦਘਾਟਨ ਕਰਨਗੇ। ਮੋਦੀ ਅਤੇ ਮੈਕਰੋਂ ਉਦਯੋਗਪਤੀਆਂ, ਸਟਾਰਟਅੱਪ ਫਾਊਂਡਰਾਂ, ਖੋਜ ਮਾਹਿਰਾਂ ਅਤੇ ਇਨੋਵੇਸ਼ਨ ਨਾਲ ਜੁੜੇ ਲੋਕਾਂ ਨੂੰ ਸੰਬੋਧਨ ਕਰਨਗੇ। ਇਸ ਦੌਰੇ ਦੌਰਾਨ ਮੈਕਰੋਂ ਦਿੱਲੀ ਵਿੱਚ 'ਅੀ ਇੰਪੈਕਟ ਸਮਿਟ' ਵਿੱਚ ਵੀ ਹਿੱਸਾ ਲੈਣਗੇ। ਮੁੰਬਈ ਪਹੁੰਚਣ 'ਤੇ ਫਰਾਂਸ ਦੇ ਰਾਸ਼ਟਰਪਤੀ ਦਾ ਮੁੰਬਈ ਏਅਰਪੋਰਟ 'ਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਅਤੇ ਗਵਰਨਰ ਆਚਾਰੀਆ ਦੇਵਵਰਤ ਨੇ ਗਰਮਜੋਸ਼ੀ ਨਾਲ ਸਵਾਗਤ ਕੀਤਾ।

## ਤਾਰਿਕ ਰਹਿਮਾਨ ਬਣੇ ਦੇਸ਼ ਦੇ ਨਵੇਂ ਪ੍ਰਧਾਨ ਮੰਤਰੀ: ਰਾਸ਼ਟਰਪਤੀ ਨੇ ਚੁਕਾਈ ਸਹੁੰ



ਮੋਹਾਲੀ
ਸਾਂਝੀ ਸੋਚ ਬਿਊਰੋ

ਬੰਗਲਾਦੇਸ਼ ਵਿੱਚ ਬੀ.ਐਨ.ਪੀ ਪ੍ਰਧਾਨ ਤਾਰਿਕ ਰਹਿਮਾਨ ਦੇਸ਼ ਦੇ ਨਵੇਂ ਪ੍ਰਧਾਨ ਮੰਤਰੀ ਬਣ ਗਏ ਹਨ। ਰਾਸ਼ਟਰਪਤੀ ਮੁਹੰਮਦ ਸ਼ਹਾਬੂਦੀਨ ਨੇ ਸੰਸਦ ਭਵਨ ਵਿੱਚ ਤਾਰਿਕ ਨੂੰ ਪ੍ਰਧਾਨ ਮੰਤਰੀ ਅਹੁਦੇ ਦੀ ਸਹੁੰ ਚੁਕਾਈ। ਇਸ ਦੇ ਨਾਲ ਹੀ 18 ਮਹੀਨਿਆਂ ਤੋਂ ਚੱਲ ਰਹੀ ਅੰਤਰਿਮ ਸਰਕਾਰ ਦਾ ਕਾਰਜਕਾਲ ਖ਼ਤਮ ਹੋ ਗਿਆ ਹੈ। ਤਾਰਿਕ ਰਹਿਮਾਨ 17 ਸਾਲਾਂ ਬਾਅਦ ਦੇਸ਼ ਪਰਤੇ ਸਨ ਅਤੇ 12 ਫਰਵਰੀ ਨੂੰ ਹੋਈਆਂ ਆਮ ਚੋਣਾਂ ਵਿੱਚ ਆਪਣੀ ਪਾਰਟੀ ਬੀ.ਐਨ.ਪੀ ਨੂੰ ਵੱਡੀ ਜਿੱਤ ਦਿਵਾਈ। ਉਨ੍ਹਾਂ ਦੀ ਪਾਰਟੀ ਨੇ ਮਜ਼ਬੂਤ ਬਹੁਮਤ ਹਾਸਲ ਕੀਤਾ ਹੈ, ਜਿਸ ਕਾਰਨ ਉਹ ਪ੍ਰਧਾਨ ਮੰਤਰੀ ਚੁਣੇ ਗਏ ਸਨ। ਤਾਰਿਕ ਰਹਿਮਾਨ ਪਹਿਲੀ ਵਾਰ ਪ੍ਰਧਾਨ ਮੰਤਰੀ ਬਣੇ ਹਨ। ਇਸ ਤੋਂ ਪਹਿਲਾਂ ਅੱਜ ਦੁਪਹਿਰ ਨੂੰ ਬੀ.ਐਨ.ਪੀ. ਦੇ ਸਾਂਸਦਾਂ ਨੇ ਉਨ੍ਹਾਂ ਨੂੰ ਸੰਸਦੀ ਦਲ ਦਾ ਨੇਤਾ ਚੁਣਿਆ ਸੀ। ਉਹ ਸਾਬਕਾ ਪ੍ਰਧਾਨ ਮੰਤਰੀ ਖਾਲਿਦਾ ਜ਼ੀਆ ਅਤੇ ਸਵਰਗੀ ਰਾਸ਼ਟਰਪਤੀ ਜ਼ਿਆਉਰ ਰਹਿਮਾਨ ਦੇ ਬੇਟੇ ਹਨ। ਅਗਲੇ ਪੰਜ ਸਾਲਾਂ ਤੱਕ ਤਾਰਿਕ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣਗੇ। ਰਹਿਮਾਨ ਤੋਂ ਇਲਾਵਾ 25 ਕੈਬਨਿਟ ਮੰਤਰੀਆਂ ਅਤੇ 24 ਰਾਜ ਮੰਤਰੀਆਂ ਨੂੰ ਵੀ ਅਹੁਦੇ ਦੀ ਸਹੁੰ ਚੁਕਾਈ ਗਈ ਹੈ।

## ਤਿਹਾੜ ਜੇਲ੍ਹ 'ਚੋਂ ਬਾਹਰ ਆਏ ਰਾਜਪਾਲ ਯਾਦਵ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ



ਅਦਾਕਾਰ ਰਾਜਪਾਲ ਯਾਦਵ ਜੇਲ੍ਹ ਤੋਂ ਰਿਹਾਅ ਹੋ ਗਏ ਹਨ। ਸਾਰੀ ਕਾਗਜ਼ੀ ਕਾਰਵਾਈ ਪੂਰੀ ਕਰਨ ਤੋਂ ਬਾਅਦ ਅਦਾਕਾਰ ਨੂੰ 17 ਫਰਵਰੀ ਦੀ ਸ਼ਾਮ 5 ਵਜੇ ਤਿਹਾੜ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ। ਉਹ ਚੈੱਕ ਬਾਊਂਸ ਕੇਸ ਵਿੱਚ ਤਿਹਾੜ ਜੇਲ੍ਹ ਵਿੱਚ ਬੰਦ ਸਨ। ਹੁਣ ਉਨ੍ਹਾਂ ਨੂੰ ਹਾਈ ਕੋਰਟ ਤੋਂ ਅੰਤਰਿਮ ਜ਼ਮਾਨਤ ਮਿਲ ਚੁੱਕੀ ਹੈ। ਰਿਹਾਈ ਤੋਂ ਬਾਅਦ ਅਦਾਕਾਰ ਮੀਡੀਆ ਦੇ ਰੂਬਰੂ ਵੀ ਹੋਏ। ਰਾਜਪਾਲ ਯਾਦਵ ਨੇ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਮੀਡੀਆ ਨਾਲ ਗੱਲ ਕੀਤੀ ਅਤੇ ਕਿਹਾ ਕਿ ਉਨ੍ਹਾਂ ਨੂੰ ਪੂਰੇ ਦੇਸ਼ ਦਾ ਸਮਰਥਨ ਮਿਲਿਆ ਹੈ ਅਤੇ ਜੇਕਰ ਉਨ੍ਹਾਂ 'ਤੇ ਕੋਈ ਇਲਜ਼ਾਮ ਹੈ, ਤਾਂ ਉਸਦਾ ਜਵਾਬ ਦੇਣ ਲਈ ਉਹ ਹਰ ਜਗ੍ਹਾ ਅਤੇ ਚੌਰਾਹੇ 'ਤੇ ਉਪਲਬਧ ਰਹਿਣਗੇ। ਨਾਲ ਹੀ ਉਨ੍ਹਾਂ ਕਿਹਾ ਕਿ ਬਾਕੀ ਕਾਨੂੰਨੀ ਗੱਲਾਂ ਸਿਰਫ਼ ਉਨ੍ਹਾਂ ਦੇ ਵਕੀਲ ਭਾਸਕਰ ਉਪਾਧਿਆਏ ਹੀ ਦੱਸ ਸਕਣਗੇ। ਦੱਸ ਦਈਏ ਕਿ ਰਾਜਪਾਲ ਯਾਦਵ ਨੇ ਦਿੱਲੀ ਹਾਈ ਕੋਰਟ ਦੇ 4 ਫਰਵਰੀ ਦੇ ਹੁਕਮਾਂ ਤੋਂ ਬਾਅਦ 5 ਫਰਵਰੀ ਨੂੰ ਤਿਹਾੜ ਜੇਲ੍ਹ ਵਿੱਚ ਆਤਮ-ਸਮਰਪਣ (ਸਰੰਡਰ) ਕੀਤਾ ਸੀ। ਰਾਜਪਾਲ ਯਾਦਵ ਨੇ ਭਤੀਜੀ ਦੇ ਵਿਆਹ ਵਿੱਚ ਸ਼ਾਮਲ ਹੋਣ ਲਈ ਅਦਾਲਤ ਵਿੱਚ ਅੰਤਰਿਮ ਜ਼ਮਾਨਤ ਲਈ ਪਟੀਸ਼ਨ ਦਾਇਰ ਕੀਤੀ ਸੀ, ਜਿਸ 'ਤੇ 12 ਫਰਵਰੀ ਨੂੰ ਸੁਣਵਾਈ ਹੋਈ ਸੀ, ਪਰ ਅਦਾਲਤ ਨੇ ਜ਼ਮਾਨਤ ਨਹੀਂ ਦਿੱਤੀ ਅਤੇ ਸੁਣਵਾਈ 16 ਫਰਵਰੀ ਤੱਕ ਟਾਲ ਦਿੱਤੀ ਸੀ। ਸੋਮਵਾਰ 16 ਫਰਵਰੀ ਨੂੰ ਰਾਜਪਾਲ ਯਾਦਵ ਵੱਲੋਂ ਵਿਰੋਧੀ ਧਿਰ ਨੂੰ ਡੇਢ ਕਰੋੜ ਰੁਪਏ ਦਿੱਤੇ ਜਾਣ ਤੋਂ ਬਾਅਦ ਉਨ੍ਹਾਂ ਨੂੰ ਅੰਤਰਿਮ ਜ਼ਮਾਨਤ ਦੇ ਦਿੱਤੀ ਗਈ। ਹਾਲਾਂਕਿ, ਇਹ ਜ਼ਮਾਨਤ ਸਿਰਫ਼ 18 ਮਾਰਚ ਤੱਕ ਮਿਲੀ ਹੈ। 18 ਤਾਰੀਖ਼ ਨੂੰ ਰਾਜਪਾਲ ਯਾਦਵ ਨੂੰ ਦਿੱਲੀ ਹਾਈ ਕੋਰਟ ਵਿੱਚ ਹਾਜ਼ਰ ਹੋਣਾ ਪਵੇਗਾ।

## ਗੈਂਗਸਟਰਾਂ 'ਤੇ ਵਾਰ ਦਾ 28ਵਾਂ ਦਿਨ: ਪੰਜਾਬ ਪੁਲਿਸ ਨੇ 630 ਥਾਈਂ ਕੀਤੀ ਛਾਪੇਮਾਰੀ: 156 ਗ੍ਰਿਫ਼ਤਾਰ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਹੇਠ ਸ਼ੁਰੂ ਕੀਤੀ ਗਈ ਫੈਸਲਾਕੁੰਨ ਮੁਹਿੰਮ 'ਗੈਂਗਸਟਰਾਂ ਤੇ ਵਾਰ' ਦੇ 28ਵੇਂ ਦਿਨ ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਅਤੇ ਮੈਪ ਕੀਤੇ 630 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ 'ਗੈਂਗਸਟਰਾਂ ਤੇ ਵਾਰ' ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਇੱਕ ਫੈਸਲਾਕੁੰਨ ਜੰਗ ਹੈ, ਜਿਸਦੀ ਸ਼ੁਰੂਆਤ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ 20 ਜਨਵਰੀ 2026 ਨੂੰ ਕੀਤੀ ਸੀ। ਜਿਸ ਤਹਿਤ ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਰਾਜ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ। ਮੁਹਿੰਮ ਦੇ 28ਵੇਂ ਦਿਨ ਪੁਲਿਸ ਟੀਮਾਂ ਨੇ 156 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਚਾਰ ਹਥਿਆਰ ਬਰਾਮਦ ਕੀਤੇ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਹੁਣ ਤੱਕ ਕੁੱਲ ਗ੍ਰਿਫ਼ਤਾਰੀਆਂ ਦੀ 9,782 ਤੱਕ ਜਾ ਅੱਪੜੀ ਹੈ। ਇਸ ਤੋਂ ਇਲਾਵਾ, 88 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ, ਜਦੋਂ ਕਿ 190 ਵਿਅਕਤੀਆਂ ਨੂੰ ਤਫ਼ਤੀਸ਼ ਅਤੇ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ।

ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ ਚਾਰ ਭਗੌੜੇ ਅਪਰਾਧੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਲੋਕ ਗੁਪਤ ਰੂਪ ਵਿੱਚ ਲੋੜੀਂਦੇ ਅਪਰਾਧੀਆਂ/ਗੈਂਗਸਟਰਾਂ ਬਾਰੇ ਐਂਟੀ-ਗੈਂਗਸਟਰ ਹੈਲਪਲਾਈਨ ਨੰਬਰ 93946-93946 ਰਾਹੀਂ ਰਿਪੋਰਟ ਕਰ ਸਕਦੇ ਹਨ ਅਤੇ ਕਿਸੇ ਵੀ ਤਰ੍ਹਾਂ ਦੇ ਅਪਰਾਧ ਅਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ/ਜਾਣਕਾਰੀ ਵੀ ਸਾਂਝੀ ਕੀਤੀ ਜਾ ਸਕਦੀ ਹੈ।

ਇਸ ਦੌਰਾਨ, ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ 'ਯੁੱਧ ਨਸ਼ਿਆਂ ਵਿਰੁਧ' ਨੂੰ 353ਵੇਂ ਦਿਨ ਵੀ ਜਾਰੀ ਰੱਖਦਿਆਂ ਅੱਜ 84 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 2.1 ਕਿਲੋ ਹੈਰੋਇਨ, 92 ਕਿਲੋ ਭੁੱਕੀ, 720 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 11,400 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਇਸ ਦੇ ਨਾਲ, ਸਿਰਫ 353 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 49,974 ਹੋ ਗਈ ਹੈ। ਨਸ਼ਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ ਪੰਜਾਬ ਪੁਲਿਸ ਨੇ ਅੱਜ 55 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਦਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

## ਭਗਵੰਤ ਮਾਨ ਦੀ ਹਾਲਤ ਸਥਿਰ: ਹਸਪਤਾਲ ਨੇ ਬੁਲੇਟਿਨ ਜਾਰੀ ਕਰ ਕੇ ਦਿੱਤੀ ਜਾਣਕਾਰੀ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਮੁੱਖ ਮੰਤਰੀ ਭਗਵੰਤ ਮਾਨ ਫੋਰਟਿਸ ਹਸਪਤਾਲ ਵਿੱਚ ਦਾਖਲ ਹਨ। ਉਨ੍ਹਾਂ ਦੀ ਸਿਹਤ ਨੂੰ ਲੈ ਕੇ ਹਸਪਤਾਲ ਵੱਲੋਂ ਤਾਜ਼ਾ ਜਾਣਕਾਰੀ ਸਾਂਝੀ ਕੀਤੀ ਗਈ ਹੈ। ਮਿਲੀ ਜਾਣਕਾਰੀ ਅਨੁਸਾਰ ਮੁੱਖ ਮੰਤਰੀ ਭਗਵੰਤ ਮਾਨ ਦੀ ਹਾਲਤ ਸਥਿਰ ਹੈ। ਫੋਰਟਿਸ ਹਸਪਤਾਲ ਨੇ ਮੈਡੀਕਲ ਬੁਲੇਟਿਨ ਜਾਰੀ ਕਰ ਕਿਹਾ ਕਿ "ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ 16 ਫਰਵਰੀ 2026 ਨੂੰ ਰੁਟੀਨ ਮੈਡੀਕਲ ਜਾਂਚ ਲਈ ਫੋਰਟਿਸ ਹਸਪਤਾਲ ਮੋਹਾਲੀ ਪਹੁੰਚੇ। ਉਨ੍ਹਾਂ ਦਾ ਪੂਰਾ ਕਲੀਨਿਕਲ ਮੁਲਾਂਕਣ ਅਤੇ ਮਿਆਰੀ ਡਾਇਗਨੌਸਟਿਕ ਟੈਸਟ ਕੀਤੇ ਗਏ। ਸਾਰੇ ਜ਼ਰੂਰੀ ਪੈਰਾਮੀਟਰ ਸਥਿਰ ਹਨ ਅਤੇ ਆਮ ਸੀਮਾ ਦੇ ਅੰਦਰ ਹਨ।

ਉਨ੍ਹਾਂ ਨੂੰ ਬਹੁਤ ਜ਼ਿਆਦਾ ਥਕਾਵਟ ਮਹਿਸੂਸ ਹੋ ਰਹੀ ਸੀ, ਜਿਸ ਕਾਰਨ ਉਨ੍ਹਾਂ ਨੂੰ ਨਿਗਰਾਨੀ ਅਤੇ ਸਪੋਰਟਿਵ ਕੇਅਰ ਲਈ ਭਰਤੀ ਕੀਤਾ ਗਿਆ। ਉਨ੍ਹਾਂ ਦੀ ਹਾਲਤ ਸਥਿਰ ਹੈ ਅਤੇ ਉਹ ਇੱਕ ਬਹੁ-ਅਨੁਸ਼ਾਸਨੀ ਮੈਡੀਕਲ ਟੀਮ ਦੀ ਦੇਖ-ਰੇਖ ਹੇਠ ਹਨ।" ਦੱਸ ਦਈਏ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੋਮਵਾਰ ਸ਼ਾਮ ਨੂੰ ਦੁਬਾਰਾ ਮੁਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਉਨ੍ਹਾਂ ਨੂੰ ਸੋਮਵਾਰ ਸਵੇਰੇ ਹੀ ਹਸਪਤਾਲ ਤੋਂ ਛੁੱਟੀ ਮਿਲੀ ਸੀ, ਜਿਸ ਤੋਂ ਬਾਅਦ ਉਹ ਸਿੱਧਾ ਮੋਗਾ ਵਿੱਚ ਆਮ ਆਦਮੀ ਪਾਰਟੀ ਦੀ ਵਿਸ਼ਾਲ ਰੈਲੀ ਵਿੱਚ ਸ਼ਾਮਲ ਹੋਣ ਗਏ ਸਨ। ਰਿਪੋਰਟਾਂ ਮੁਤਾਬਕ, ਮੋਗਾ ਰੈਲੀ ਤੋਂ ਪਰਤਣ ਤੋਂ ਬਾਅਦ ਉਨ੍ਹਾਂ ਨੂੰ ਸਾਹ ਲੈਣ ਵਿੱਚ ਤਕਲੀਫ਼ ਅਤੇ ਥਕਾਵਟ ਮਹਿਸੂਸ ਹੋਈ, ਜਿਸ ਕਾਰਨ ਰਾਤ 8 ਵਜੇ ਉਨ੍ਹਾਂ ਨੂੰ ਮੁੜ ਹਸਪਤਾਲ ਲਿਜਾਣਾ ਪਿਆ।

## ਸੁਪਰ-8 ਪੜਾਅ ਵਿੱਚ ਕਿਹੜੀਆਂ ਟੀਮਾਂ ਨਾਲ ਭਿੜੇਗਾ ਭਾਰਤ: ਸਾਹਮਣੇ ਆਏ ਨਾਮ

ਕੋਲੰਬੀਆ
ਸਾਂਝੀ ਸੋਚ ਬਿਊਰੋ

ਟੀ-20 ਵਿਸ਼ਵ ਕੱਪ ਵਿੱਚ ਸੁਪਰ-8 ਪੜਾਅ ਦੀਆਂ 7 ਟੀਮਾਂ ਤੈਅ ਹੋ ਚੁੱਕੀਆਂ ਹਨ। ਆਖਰੀ ਟੀਮ ਦਾ ਫੈਸਲਾ ਬੁੱਧਵਾਰ ਨੂੰ ਪਾਕਿਸਤਾਨ-ਨਾਮੀਬੀਆ ਮੈਚ ਨਾਲ ਹੋਵੇਗਾ। ਜੇਕਰ ਪਾਕਿਸਤਾਨ ਜਿੱਤਦਾ ਹੈ, ਤਾਂ ਉਹ ਸੁਪਰ-8 ਦੇ ਗਰੁੱਪ-2 ਵਿੱਚ ਪਹੁੰਚ ਜਾਵੇਗਾ। ਜੇਕਰ ਨਾਮੀਬੀਆ ਜਿੱਤ ਗਿਆ, ਤਾਂ ਅਮਰੀਕਾ ਗਰੁੱਪ-2 ਵਿੱਚ ਪਹੁੰਚ ਜਾਵੇਗਾ।

ਅੱਜ ਜ਼ਿੰਬਾਬਵੇ ਅਤੇ ਆਇਰਲੈਂਡ ਵਿਚਾਲੇ ਹੋਣ ਵਾਲਾ ਮੁਕਾਬਲਾ ਮੀਂਹ ਦੀ ਭੇਟ ਚੜ੍ਹ ਗਿਆ, ਜਿਸ ਨਾਲ ਸੁਪਰ-8 ਲਈ ਕੁਆਲੀਫਾਈ ਕਰਨ ਵਾਲੀ ਜ਼ਿੰਬਾਬਵੇ ਸੱਤਵੀਂ ਟੀਮ ਬਣ ਗਈ ਹੈ। ਇਸ ਦੇ ਨਾਲ ਹੀ ਭਾਰਤ ਦੇ ਸੁਪਰ-8 ਮੁਕਾਬਲੇ ਲਈ ਵਿਰੋਧੀ ਟੀਮਾਂ ਦੇ ਨਾਮ ਵੀ ਸਾਹਮਣੇ ਆ ਗਏ ਹਨ।

ਟੀਮ ਇੰਡੀਆ ਗਰੁੱਪ-1 ਵਿੱਚ ਰਹੇਗੀ, ਜਿੱਥੇ ਉਸਦਾ ਸਾਹਮਣਾ ਦੱਖਣੀ ਅਫਰੀਕਾ, ਵੈਸਟਇੰਡੀਜ਼ ਅਤੇ ਜ਼ਿੰਬਾਬਵੇ ਨਾਲ ਹੋਵੇਗਾ। ਗਰੁੱਪ-1 ਵਿੱਚ ਪਹਿਲਾਂ ਆਸਟ੍ਰੇਲੀਆ ਦੇ ਆਉਣ ਦੀ ਉਮੀਦ ਸੀ, ਪਰ ਉਹ ਲੀਗ ਪੜਾਅ ਤੋਂ ਹੀ ਬਾਹਰ ਹੋ ਗਈ ਹੈ। ਉਸਦੀ ਜਗ੍ਹਾ ਗਰੁੱਪ-ਬੀ ਵਿੱਚੋਂ ਜ਼ਿੰਬਾਬਵੇ ਨੇ ਸੁਪਰ-8 ਦੇ ਗਰੁੱਪ-1 ਲਈ ਕੁਆਲੀਫਾਈ ਕੀਤਾ ਹੈ। 7 ਫਰਵਰੀ ਤੋਂ ਸ਼ੁਰੂ ਹੋਏ ਟੂਰਨਾਮੈਂਟ ਵਿੱਚ 20 ਫਰਵਰੀ ਤੱਕ ਗਰੁੱਪ ਪੜਾਅ (ਸਟੇਜ) ਦੇ ਮੁਕਾਬਲੇ ਖੇਡੇ ਜਾਣਗੇ। 21 ਫਰਵਰੀ ਤੋਂ ਸੁਪਰ-8 ਪੜਾਅ ਸ਼ੁਰੂ ਹੋਵੇਗਾ। ਸੁਪਰ 8 ਪੜਾਅ ਵਿੱਚ ਚਾਰ ਟੀਮਾਂ ਦੇ ਦੋ ਗਰੁੱਪ ਹੋਣਗੇ, ਹਰੇਕ ਟੀਮ ਆਪਣੇ ਗਰੁੱਪ ਦੀਆਂ ਦੂਜੀਆਂ ਟੀਮਾਂ ਵਿਰੁੱਧ ਤਿੰਨ ਮੈਚ ਖੇਡੇਗੀ। ਪਹਿਲਾ ਸੈਮੀਫਾਈਨਲ 4 ਮਾਰਚ ਨੂੰ ਹੋਵੇਗਾ, ਜਦੋਂ ਕਿ ਦੂਜਾ ਸੈਮੀਫਾਈਨਲ 5 ਮਾਰਚ ਨੂੰ ਵਾਨਖੇੜੇ ਸਟੇਡੀਅਮ ਵਿੱਚ ਖੇਡਿਆ ਜਾਵੇਗਾ। ਜੇਤੂ ਟੀਮਾਂ 8 ਮਾਰਚ ਨੂੰ ਫਾਈਨਲ ਵਿੱਚ ਇੱਕ ਦੂਜੇ ਦਾ ਸਾਹਮਣਾ ਕਰਨਗੀਆਂ।


Arrested ?
DUI ?
Drug Charges ?
Gun Violation ?
Ghuman Law Group
GLG
GHUMAN LAW GROUP
Get the Legal Defence
you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# ਤ੍ਰਯੰਬਕਮ ਦਾ ਅਰਥ ਹੈ ਤਿੰਨ ਅੱਖਾਂ ਵਾਲਾ, ਤੀਜੀ ਅੱਖ ਜਿਸ ਨਾਲ ਸ਼ਿਵ ਨੇ ਕਾਮ ਨੂੰ ਨਸ਼ਟ ਕੀਤਾ- ਸਾਧਵੀ ਗੌਰੀ ਭਾਰਤੀ

ਅੰਮ੍ਰਿਤਸਰ
ਡਾ.ਰਾਜਿੰਦਰ ਰਿਖੀ



ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਨੇ ਮਹਾਂਸ਼ਿਵਰਾਤਰੀ ਦੇ ਮੌਕੇ ਬਾਂਕੇ ਬਿਹਾਰੀ ਲਾਲ ਮੰਦਰ, ਸ਼ਰੀਫਪੁਰਾ ਅੰਮ੍ਰਿਤਸਰ ਵਿੱਚ ਇੱਕ ਪ੍ਰੋਗਰਾਮ ਦਾ ਆਯੋਜਨ ਕੀਤਾ। ਸ਼੍ਰੀ ਆਸ਼ੂਤੋਸ਼ ਮਹਾਰਾਜ ਦੀ ਸੇਵਿਕਾ ਸਾਧਵੀ ਗੌਰੀ ਭਾਰਤੀ ਜੀ ਨੇ ਭਗਵਾਨ ਸ਼ਿਵ ਦੇ ਸ਼ਿੰਗਾਰ ਪਿੱਛੇ ਅਧਿਆਤਮਿਕ ਭੇਦ ਪ੍ਰਗਟ ਕੀਤੇ। ਸਾਧਵੀ ਨੇ ਸਮਝਾਇਆ ਕਿ ਭਗਵਾਨ ਸ਼ਿਵ ਦਾ ਸ਼ਿੰਗਾਰ ਰਹੱਸਮਈ ਹੈ। ਉਨ੍ਹਾਂ ਦੇ ਰੂਪ ਦਾ ਹਰ ਪਹਿਲੂ ਸਿੱਖਿਆਦਾਇਕ ਹੈ। ਹਰੇਕ ਪਹਿਰਾਵਾ ਸ਼ਿਵ ਦੇ ਅਸਲ ਸੁਭਾਅ ਨੂੰ ਦਰਸਾਉਂਦਾ ਹੈ। ਭਗਵਾਨ ਸ਼ਿਵ ਨੂੰ ਤ੍ਰਯੰਬਕਮ ਕਿਹਾ ਜਾਂਦਾ ਹੈ। ਅੰਬਕ ਦਾ ਅਰਥ ਹੈ "ਅੱਖ"। ਤ੍ਰਯੰਬਕਮ ਦਾ ਅਰਥ ਹੈ ਤਿੰਨ ਅੱਖਾਂ ਵਾਲਾ, ਤੀਜੀ ਅੱਖ ਜਿਸ ਨਾਲ ਉਨ੍ਹਾਂ ਨੇ ਕਾਮ ਨੂੰ ਨਸ਼ਟ ਕੀਤਾ। ਸਾਧਵੀ ਨੇ ਸਮਝਾਇਆ ਕਿ ਸ਼ਿਵ ਇਕੱਲਾ ਤਿੰਨ ਅੱਖਾਂ ਵਾਲਾ ਨਹੀਂ ਹੈ। ਉਨ੍ਹਾਂ ਦੇ ਰੂਪ ਦਾ ਇਹ ਪਹਿਲੂ ਸਾਰੇ ਜੀਵਾਂ ਨੂੰ ਇੱਕ ਡੂੰਘਾ ਅਧਿਆਤਮਿਕ ਸੰਦੇਸ਼ ਦਿੰਦਾ ਹੈ ਕਿ ਹਰ ਮਨੁੱਖ ਕੋਲ ਤਿੰਨ ਅੱਖਾਂ ਹਨ। ਸਾਡੀਆਂ ਭਰਵੱਟਿਆਂ ਦੇ ਵਿਚਕਾਰ ਸਥਿਤ ਤੀਜੀ ਅੱਖ ਬੰਦ ਹੈ। ਹਾਲਾਂਕਿ, ਜਦੋਂ ਕੋਈ ਸੰਤ ਆਪਣਾ ਮੁਬਾਰਕ ਹੱਥ ਸਾਡੇ ਮੱਥੇ 'ਤੇ ਰੱਖਦਾ ਹੈ, ਤਾਂ ਉਹ ਅੱਖ ਖੁੱਲ੍ਹ ਜਾਂਦੀ ਹੈ। ਇੱਕ ਵਿਅਕਤੀ ਆਪਣੇ ਅੰਦਰ ਸ਼ਿਵ ਦੇ ਪ੍ਰਕਾਸ਼ਮਾਨ ਰੂਪ ਦਾ ਅਨੁਭਵ ਕਰਦਾ ਹੈ। ਸਾਧਵੀ ਨੇ ਅੱਗੇ ਦੱਸਿਆ ਕਿ ਭਗਵਾਨ ਸ਼ਿਵ ਨੇ ਮਨੁੱਖੀ ਖੋਪੜੀਆਂ ਦੀ ਇੱਕ ਮਾਲਾ ਪਹਿਨੀ ਸੀ, ਜੋ ਸਾਨੂੰ ਜੀਵਨ ਦੀ ਅਸਥਿਰਤਾ ਪ੍ਰਤੀ ਸੁਚੇਤ ਕਰਦੀ ਹੈ। ਇਹ ਸਾਨੂੰ ਅਨਾਦਿ ਸ਼ਿਵ ਤੱਤ ਦਾ ਵਰਣਨ ਕਰਨ ਲਈ ਵੀ ਪ੍ਰੇਰਿਤ ਕਰਦਾ ਹੈ। ਸ਼ਿਵ ਦੀਆਂ ਖੋਪੜੀਆਂ ਦੀ ਗਿਣਤੀ 109 ਨਹੀਂ, ਸਗੋਂ 108 'ਤੇ ਰੁਕ ਗਈ। ਇਸ ਤੋਂ ਪਤਾ ਲੱਗਦਾ ਹੈ ਕਿ ਇਸ ਬਾਰੇ ਜਾਣੂ ਹੋਣ 'ਤੇ, ਦੇਵੀ ਪਾਰਵਤੀ ਨੇ ਬ੍ਰਹਮ ਗਿਆਨ ਰਾਹੀਂ ਆਪਣੇ ਆਪ ਨੂੰ ਉਸ ਅਨਾਦਿ ਤੱਤ ਵਿੱਚ ਸਥਾਪਿਤ ਕੀਤਾ, ਆਪਣੇ ਆਵਾਗਮਨ ਦੇ ਚੱਕਰ ਨੂੰ ਖਤਮ ਕੀਤਾ।

ਇਸ ਲਈ, ਸਾਨੂੰ ਵੀ ਬ੍ਰਹਮ ਗਿਆਨ ਪ੍ਰਾਪਤ ਕਰਨਾ ਚਾਹੀਦਾ ਹੈ ਅਤੇ ਸ਼ਿਵ ਤੱਤ ਸਥਾਪਤ ਕਰਨਾ ਚਾਹੀਦਾ ਹੈ, ਜਿਸ ਨਾਲ ਸਾਡਾ ਜੀਵਨ ਸਾਰਥਕ ਹੋ ਜਾਂਦਾ ਹੈ। ਵਿਅੰਗਾਤਮਕ ਤੌਰ 'ਤੇ ਅੱਜ ਉਸਦੇ ਬ੍ਰਹਮ ਕਾਰਨਾਮਿਆਂ ਤੋਂ ਸਿੱਖਣ ਦੀ ਬਜਾਏ ਮਨੁੱਖ ਉਸਦੀ ਨਕਲ ਕਰਦੇ ਹਨ। ਉਦਾਹਰਣ ਵਜੋਂ ਸ਼ਿਵਰਾਤਰੀ ਦੇ ਤਿਉਹਾਰ 'ਤੇ, ਅਸੀਂ ਲੋਕਾਂ ਨੂੰ ਵਿਸ਼ਾਲ ਜਲੂਸ ਕੱਢਦੇ, ਧਤੂਰਾ, ਭੰਗ ਵਰਗੇ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਦੇ ਅਤੇ ਸ਼ਿਵ ਦੇ ਨਾਮ 'ਤੇ ਅਸ਼ਲੀਲ ਗੀਤ ਗਾਉਂਦੇ ਦੇਖਦੇ ਹਾਂ।

ਹਾਲਾਂਕਿ, ਜੇਕਰ ਅਸੀਂ ਅੱਜ ਭਗਵਾਨ ਸ਼ਿਵ ਨੂੰ ਖੁਸ਼ ਕਰਨਾ ਚਾਹੁੰਦੇ ਹਾਂ, ਤਾਂ ਸਾਨੂੰ ਸਿਰਫ਼ ਉਸਦੀ ਨਕਲ ਨਹੀਂ ਕਰਨੀ ਚਾਹੀਦੀ। ਸਾਨੂੰ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਲਾਗੂ ਕਰਨਾ ਚਾਹੀਦਾ ਹੈ ਅਤੇ ਮਨੁੱਖੀ ਸਰੀਰ ਦੇ ਰਹੱਸਾਂ ਨੂੰ ਸਮਝਣਾ ਚਾਹੀਦਾ ਹੈ। ਜੇਕਰ ਸਾਨੂੰ ਸ਼ਿਵ ਨੂੰ ਪ੍ਰਾਪਤ ਕਰਨ ਦਾ ਇਹ ਮੌਕਾ ਮਿਲਿਆ ਹੈ ਤਾਂ ਸਾਨੂੰ ਪਾਰਵਤੀ ਆਤਮਾ ਨੂੰ ਸ਼ਿਵ ਪਰਮ ਪੁਰਖ ਨਾਲ ਜੋੜਨਾ ਚਾਹੀਦਾ ਹੈ, ਜਦੋਂ ਤੱਕ ਅਸੀਂ ਅਜੇ ਵੀ ਜਿਉਂਦੇ ਹਾਂ। ਇਸ ਲਈ, ਸਾਨੂੰ ਇੱਕ ਸੰਪੂਰਨ ਗੁਰੂ ਦੀ ਲੋੜ ਹੈ, ਜੋ ਪਰਮ ਪੁਰਖ ਨੂੰ ਸਮਰਪਿਤ ਹੋਵੇ।

# ਪ੍ਰਧਾਨ ਮੰਤਰੀ ਮੋਦੀ ਨੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਦਾ ਭਾਰਤ ਪਹੁੰਚਣ 'ਤੇ ਕੀਤਾ ਨਿੱਘਾ ਸਵਾਗਤ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਦਾ ਉਨ੍ਹਾਂ ਦੇ ਭਾਰਤ ਆਉਣ 'ਤੇ ਨਿੱਘਾ ਸਵਾਗਤ ਕੀਤਾ ਅਤੇ ਵਿਸ਼ਵਾਸ ਪ੍ਰਗਟ ਕੀਤਾ ਕਿ ਭਾਰਤ-ਫਰਾਂਸ ਸਹਿਯੋਗ ਨੂੰ ਮਜ਼ਬੂਤ ਕਰਨ ਨਾਲ ਵਿਸ਼ਵ ਪੱਧਰੀ ਤਰੱਕੀ ਵਿੱਚ ਯੋਗਦਾਨ ਪਵੇਗਾ।

ਫਰਾਂਸ ਦੇ ਰਾਸ਼ਟਰਪਤੀ ਮੁੰਬਈ ਪਹੁੰਚੇ, ਅਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਅਤੇ ਰਾਜਪਾਲ ਆਚਾਰੀਆ ਦੇਵਵ੍ਰਤ ਨੇ ਹਵਾਈ ਅੱਡੇ 'ਤੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਰਾਸ਼ਟਰਪਤੀ ਮੈਕਰਰੋਨ ਦਾ ਨਿੱਘਾ ਸਵਾਗਤ ਕਰਦੇ ਹੋਏ, ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, "ਭਾਰਤ ਤੁਹਾਡੀ ਫੇਰੀ ਅਤੇ ਸਾਡੇ ਦੁਵੱਲੇ ਸਬੰਧਾਂ ਨੂੰ ਨਵੀਆਂ ਉਚਾਈਆਂ ਤੱਕ ਅੱਗੇ ਵਧਾਉਣ ਦੀ ਉਮੀਦ ਕਰਦਾ ਹੈ। ਮੈਨੂੰ ਵਿਸ਼ਵਾਸ ਹੈ ਕਿ ਸਾਡੀਆਂ ਚਰਚਾਵਾਂ ਖੇਤਰਾਂ ਵਿੱਚ ਸਹਿਯੋਗ ਨੂੰ ਹੋਰ ਮਜ਼ਬੂਤ ਕਰਨਗੀਆਂ ਅਤੇ ਵਿਸ਼ਵ ਪੱਧਰੀ ਤਰੱਕੀ ਵਿੱਚ ਯੋਗਦਾਨ ਪਾਉਣਗੀਆਂ।"ਪ੍ਰਧਾਨ ਮੰਤਰੀ ਫਰਾਂਸ ਦੇ ਰਾਸ਼ਟਰਪਤੀ ਨਾਲ ਦੁਵੱਲੀ ਮੀਟਿੰਗਾਂ ਕਰਨ ਲਈ ਦਿਨ ਦੇ ਅੰਤ ਵਿੱਚ ਮੁੰਬਈ ਜਾਣਗੇ।

ਰਾਸ਼ਟਰਪਤੀ ਮੈਕਰੋਨ ਦੀ ਇਹ ਫੇਰੀ ਭਾਰਤ ਦੁਆਰਾ ਆਯੋਜਿਤ ਕੀਤੇ ਜਾ ਰਹੇ ਏਆਈ ਪ੍ਰਭਾਵ ਸੰਮੇਲਨ ਵਿੱਚ ਹਿੱਸਾ ਲੈਣ ਲਈ ਪ੍ਰਧਾਨ ਮੰਤਰੀ ਮੋਦੀ ਦੇ ਸੱਦੇ 'ਤੇ ਆਈ ਹੈ। ਆਪਣੇ ਠਹਿਰਾਅ ਦੌਰਾਨ, ਦੋਵੇਂ ਨੇਤਾ ਮੁੰਬਈ ਵਿੱਚ ਇੱਕ ਦੁਵੱਲੇ ਸੰਮੇਲਨ ਵੀ ਕਰਨਗੇ। ਇਹ ਰਾਸ਼ਟਰਪਤੀ ਮੈਕਰੋਨ ਦੀ ਭਾਰਤ ਦੀ ਚੌਥੀ ਫੇਰੀ ਅਤੇ ਮੁੰਬਈ ਵਿੱਚ ਉਨ੍ਹਾਂ ਦੀ ਪਹਿਲੀ ਅਧਿਕਾਰਤ ਸ਼ਮੂਲੀਅਤ ਹੈ।

ਮੰਗਲਵਾਰ ਦੁਪਹਿਰ ਲਗਭਗ 3:15 ਵਜੇ, ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਮੈਕਰੋਨ ਮੁੰਬਈ ਦੇ ਲੋਕ ਭਵਨ ਵਿੱਚ ਦੁਵੱਲੇ ਗੱਲਬਾਤ ਕਰਨਗੇ।ਪ੍ਰਧਾਨ ਮੰਤਰੀ ਦਫ਼ਤਰ (ਪੀ.ਐਮ.ਓ.) ਦੇ ਅਨੁਸਾਰ, ਵਿਚਾਰ-ਵਟਾਂਦਰੇ ਵਿੱਚ ਭਾਰਤ-ਫਰਾਂਸ ਰਣਨੀਤਕ ਭਾਈਵਾਲੀ ਦੇ ਤਹਿਤ ਕੀਤੀਆਂ ਗਈਆਂ ਤਰੱਕੀਆਂ ਦੀ ਵਿਆਪਕ ਸਮੀਖਿਆ ਸ਼ਾਮਲ ਹੋਵੇਗੀ।

# ਦਿੱਲੀ ਸਥਿਤ ਪੰਜਾਬ ਭਵਨ ਵਿਖੇ ਲੱਗੀਆਂ 20 ਦਾਨਸ਼ਵਰਾਂ ਦੀਆਂ ਤਸਵੀਰਾਂ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ



ਭਾਸ਼ਾ ਵਿਭਾਗ ਪੰਜਾਬ ਵੱਲੋਂ ਪਿਛਲੇ ਸਾਲ ਤੋਂ ਦਿੱਲੀ ਸਥਿਤ ਪੰਜਾਬ ਭਵਨ ਵਿੱਚ ਪੰਜਾਬੀ ਦਾਨਸ਼ਵਰਾਂ ਦੀਆਂ ਤਸਵੀਰਾਂ ਸਥਾਪਿਤ ਕਰਨ ਦਾ ਕੰਮ ਆਰੰਭ ਕੀਤਾ ਗਿਆ ਸੀ। ਹੁਣ ਤੱਕ ਪਹਿਲਾਂ ਲਗਾਈਆਂ ਗਈਆਂ ਲਗਭਗ 40 ਤਸਵੀਰਾਂ ਤੋਂ ਬਾਅਦ ਅੱਜ 20 ਹੋਰ ਸਵਰਗੀ ਲੇਖਕਾਂ ਅਤੇ ਵਿਦਵਾਨਾਂ ਦੀਆਂ ਤਸਵੀਰਾਂ ਲਗਾਈਆਂ ਗਈਆਂ ਜਿਨਾਂ ਵਿੱਚ ਪ੍ਰਿੰਸੀਪਲ ਤੇਜਾ ਸਿੰਘ, ਗਿਆਨੀ ਸੋਹਣ ਸਿੰਘ ਸੀਤਲ, ਡਾ.ਦੀਵਾਨ ਸਿੰਘ ਕਾਲੇਪਾਣੀ, ਪ੍ਰਿੰਸੀਪਲ ਸੁਜਾਨ ਸਿੰਘ, ਜਸਵੰਤ ਸਿੰਘ ਕੰਵਲ, ਨਾਨਕ ਸਿੰਘ, ਡਾ. ਹਰਭਜਨ ਸਿੰਘ, ਦਲੀਪ ਕੌਰ ਟਿਵਾਣਾ, ਬਲਰਾਜ ਸਾਹਨੀ, ਬਾਵਾ ਬੁੱਧ ਸਿੰਘ, ਸੁਖਵੰਤ ਕੌਰ ਮਾਨ, ਮਹਿੰਦਰ ਸਿੰਘ ਸਰਨਾ, ਜਨਾਬ ਦੀਪਕ ਜੈਤੋਈ, ਮਹਿੰਦਰ ਕੌਰ ਗਿੱਲ, ਰਾਮ ਸਰੂਪ ਅਣਖੀ, ਡਾ. ਰਤਨ ਸਿੰਘ ਜੱਗੀ, ਮੋਹਨਜੀਤ, ਪਰਮਿੰਦਰਜੀਤ ਅਤੇ ਪ੍ਰੋ. ਅਜਮੇਰ ਔਲਖ ਸ਼ਾਮਿਲ ਹਨ। ਇਹ ਤਸਵੀਰਾਂ ਪੰਜਾਬ ਭਵਨ ਦੇ ਬੀ ਬਲਾਕ ਦੀ ਡਿਓੜੀ ਅਤੇ ਉੱਪਰਲੀਆਂ ਮੰਜ਼ਿਲਾਂ ਦੇ ਵਰਾਂਡਿਆਂ ਵਿੱਚ ਲਗਾਈਆਂ ਗਈਆਂ। ਰਜਿੰਦਰ ਸਿੰਘ ਦੀ ਅਗਵਾਈ ਵਿੱਚ ਪੰਜਾਬ ਭਵਨ ਦੇ ਕਰਮਚਾਰੀਆਂ ਵੱਲੋਂ ਇਹ ਕਾਰਜ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਅਤੇ ਡਿਪਟੀ ਡਾਇਰੈਕਟਰ ਆਲੋਕ ਚਾਵਲਾ ਦੀ ਨਿਗਰਾਨੀ ਵਿਚ ਕੀਤਾ ਗਿਆ। ਇਸ ਤੋਂ ਪਹਿਲਾਂ ਵਿਭਾਗ ਦੇ ਅਧਿਕਾਰੀਆਂ ਵੱਲੋਂ ਪ੍ਰਿੰਸੀਪਲ ਰੈਜੀਡੈਂਟ ਕਮਿਸ਼ਨਰ ਡਾ. ਐਸ ਕਰੁਣਾ ਰਾਜੂ ਨਾਲ ਮੁਲਾਕਾਤ ਕਰਕੇ ਪੰਜਾਬ ਭਵਨ ਵਿੱਚ ਪੰਜਾਬੀਅਤ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਦਰਸ਼ਿਤ ਕਰਨ ਲਈ ਵਿਚਾਰਾਂ ਕੀਤੀਆਂ ਗਈਆਂ। ਡਿਪਟੀ ਰੈਜੀਡੈਂਟ ਕਮਿਸ਼ਨਰ ਆਸਿਤਾ ਸ਼ਰਮਾ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਭਾਸ਼ਾ ਵਿਭਾਗ ਦੀ ਸਥਾਨਕ ਲਾਇਬਰੇਰੀ ਦੀ ਮੁਰੰਮਤ ਦਾ ਕੰਮ ਮੁਕੰਮਲ ਕਰਾ ਕੇ ਇਸ ਨੂੰ ਇਥੇ ਆਉਣ ਅਤੇ ਠਹਿਰਨ ਵਾਲੀਆਂ ਸ਼ਖ਼ਸੀਅਤਾਂ ਲਈ ਆਕਰਸ਼ਕ ਬਣਾਇਆ ਜਾਵੇਗਾ।

# ਡਾ.ਨੀਰਵ ਸ਼ਾਹ ਅਮਰੀਕਾ ਦੇ ਵਿਜ਼ਨਰੀ ਆਗੂਆਂ ਵਿੱਚ ਸ਼ਾਮਿਲ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਸਿਹਤ ਮਾਹਰ ਡਾ ਨੀਰਵ ਸ਼ਾਹ ਸਾਬਕਾ ਡਾਇਰੈਕਟਰ ਮੇਨੇ ਸੈਂਟਰ ਫਾਰ ਡਸੀਜ ਕੰਟਰੋਲ ਐਂਡ ਪ੍ਰੀਵੈਨਸ਼ਨ ਨੂੰ ਵਾਸ਼ਿੰਗਟਨ ਪੋਸਟ ਦੀ ਅਗਲੇ-50 ਕੌਣ ਦੀ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ ਹੈ।

ਇਸ ਸੂਚੀ ਵਿੱਚ ਉਨਾਂ ਸਖਸ਼ੀਅਤਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ ਜਿਨਾਂ ਕੋਲੋਂ ਆਮ ਲੋਕਾਂ ਦੇ ਜੀਵਨ ਵਿੱਚ ਤਬਦੀਲੀ ਦੀ ਆਸ ਕੀਤੀ ਜਾਂਦੀ ਹੈ। ਇਸ ਸਲਾਨਾ ਸੂਚੀ ਵਿਚ ਸਿਹਤ, ਸਾਇੰਸ, ਜਨਤਿਕ ਸੇਵਾ, ਕਾਰੋਬਾਰ ਤੇ ਸਭਿਆਚਾਰ ਨਾਲ ਜੁੜੇ ਲੋਕਾਂ ਨੂੰ ਮਾਨਤਾ ਦਿੱਤੀ ਜਾਂਦੀ ਹੈ ਜਿਨਾਂ ਦਾ ਕੰਮ ਕੌਮੀ ਚਰਚਾ ਦਾ ਹਿੱਸਾ ਬਣਿਆ ਹੋਵੇ।

ਮੇਨੇ ਤੋਂ ਸ਼ਾਹ ਹੀ ਇਕੋ ਇਕ ਵਿਅਕਤੀ ਹੈ ਜਿਸ ਨੂੰ ਇਸ ਸੂਚੀ ਵਿਚ ਥਾਂ ਮਿਲੀ ਹੈ। ਸ਼ਾਹ ਤੋਂ ਇਲਾਵਾ ਇਸ ਸਾਲ ਦੀ ਸੂਚੀ ਵਿਚ ਨਿਊ ਯਾਰਕ ਦੇ ਮੇਅਰ ਜ਼ੋਹਰਨ ਮਮਦਾਨੀ, ਟੈਕਸਾਸ ਯੂ ਐਸ ਸੈਨੇਟ ਉਮੀਦਵਾਰ ਜੇਮਜ ਤਾਲਾਰੀਕੋ ਅਤੇ ਬਇਓਕੈਮਿਸਟ ਡੇਵਿਡ ਲਿਊ ਨੂੰ ਸ਼ਾਮਿਲ ਕੀਤਾ ਗਿਆ ਹੈ। ਕੋਵਿਡ-19 ਮਹਾਮਾਰੀ ਦੌਰਾਨ ਸੀ ਡੀ ਸੀ ਡਾਇਰੈਕਟਰ ਵਜੋਂ ਮੇਨੇ ਪਬਲਿਕ ਹੈਲਥ ਦੀ ਅਗਵਾਈ ਕਰਨ ਸਮੇ ਸ਼ਾਹ ਨੇ ਕੌਮੀ ਪੱਧਰ 'ਤੇ ਪ੍ਰਸਿੱਧੀ ਹਾਸਲ ਕੀਤੀ ਸੀ।




Gillson
TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations (traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company. policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd.
Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com

# SUNSHINE AUTO CARE INC.

WE REPAIR ALL MAKES & MODELS. AUTO, DIESEL TRUCK & TRAILERS

- ✓ DPF Filter Cleaning
- ✓ Clutch
- ✓ Transmission
- ✓ New/Used Tires
- ✓ Oil Changes
- ✓ Wheel Balancing
- ✓ Truck & Trailer Repair
- ✓ All Major & Minor Repairs
- ✓ We Do Aluminum Welding
- ✓ Computer Check
- ✓ Differential
- ✓ Inspections
- ✓ Van/Reefer Work

WE PROVIDE SHUTLE SERVICE FOR ALL CUSTOMERS

hablamos español
We Speak English, Spanish & Punjabi


We Provide Towing &
24/7 Mobile Road Services
For All Autos, Trucks & Trailers

Open Monday to Saturday

Com-Check
T-Check
EFS Check

ACCEPTED HERE
VISA · MasterCard · AMERICAN EXPRESS · DISCOVER NETWORK





1003 Moffat Blvd,
Manteca CA 95336

# 209-239-1551

# Chevron TRUCK STOP

OPEN PARKING, DELI, SHOWER, LAUNDRY
• ਸਸਤਾ ਡੀਜ਼ਲ • ਕਾਰਾਂ ਦੀ ਸਸਤੀ ਗੈਸ



We accept all major fleet cards, credit cards including, Visa, MC, AE, Discover, Voyag and Writer Express.

(Or $9 off Chevron In-Store Purchase)

ਇਥੇ ਪੰਜਾਬੀ ਰੈਸਟੋਰੈਂਟ ਵੀ ਹੈ ਅਤੇ ਹਰ ਵੇਲੇ ਪੰਜਾਬੀ ਖਾਣਾ ਮਿਲਦਾ ਹੈ।

Contact :
BALRAJ SINGH PANNU
541-942-0105

Chevron

1250, Gateway Blvd. Cottage, OR 97424,
Ph : 541-942-4142 Fax : 541-942-9668

# PIONEER VILLA



Chevron

TRUCK PLAZA

MOTEL • RESTAURANT
LOUNGE • MINI-MART
GIFT SHOP • OPEN 24 HR
FLEET • MULTI SERVICE

WE ACCEPT-TCH T-CHECK
COM CHECK - EFS -
ALL MAJOR CREDIT CARDS

PREETI PANNU
(541) 369-2801
FAX (541) 369-3810

33180 HWY 228 HALSEY, OR 97348


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

# ਕੈਨੇਡੀਅਨ ਅਤੇ ਯੂ.ਕੇ ਦੇ ਨਾਗਰਿਕਾਂ ਨੂੰ ਚੀਨ 'ਚ ਮਿਲੀ ਵੀਜ਼ਾ-ਮੁਕਤ ਐਂਟਰੀ ਸੈਰ-ਸਪਾਟਾ ਤੇ ਵਪਾਰਕ ਗਤੀਵਿਧੀਆਂ ਨੂੰ ਵਧਾਉਣ ਲਈ ਚੁੱਕਿਆ ਅਹਿਮ ਕਦਮ

ਬੀਜਿੰਗ
ਸਾਂਝੀ ਸੋਚ ਬਿਊਰੋ




ਚੀਨ ਸਰਕਾਰ ਨੇ ਦੇਸ਼ 'ਚ ਸੈਰ-ਸਪਾਟੇ ਤੇ ਵਪਾਰਕ ਗਤੀਵਿਧੀਆਂ ਨੂੰ ਵਧਾਉਣ ਲਈ ਇੱਕ ਅਹਿਮ ਕਦਮ ਚੁੱਕਿਆ ਹੈ। ਬ੍ਰਿਟੇਨ ਤੇ ਕੈਨੇਡਾ ਦੇ ਨਾਗਰਿਕ ਬਿਨਾਂ ਵੀਜ਼ਾ ਚੀਨ 'ਚ ਦਾਖਲ ਹੋ ਸਕਣਗੇ, ਜਿਸ ਨਾਲ ਹੁਣ ਵੀਜ਼ਾ-ਮੁਕਤ ਪਹੁੰਚ ਵਾਲੇ ਦੇਸ਼ਾਂ ਦੀ ਕੁੱਲ ਗਿਣਤੀ 79 ਹੋ ਗਈ ਹੈ। ਸਰੋਤਾਂ ਅਨੁਸਾਰ, ਇਨ੍ਹਾਂ ਦੇਸ਼ਾਂ ਦੇ ਯਾਤਰੀ ਵਪਾਰ, ਸੈਰ-ਸਪਾਟਾ, ਐਕਸਚੇਂਜ ਪ੍ਰੋਗਰਾਮਾਂ ਅਤੇ ਆਪਣੇ ਰਿਸ਼ਤੇਦਾਰਾਂ ਜਾਂ ਦੋਸਤਾਂ ਨੂੰ ਮਿਲਣ ਲਈ 30 ਦਿਨਾਂ ਤੱਕ ਚੀਨ ਵਿਚ ਰਹਿ ਸਕਦੇ ਹਨ। ਚੀਨ ਨੇ ਪਿਛਲੇ ਦੋ ਸਾਲਾਂ ਵਿਚ ਇਸ ਪ੍ਰੋਗਰਾਮ ਦਾ ਕਾਫ਼ੀ ਵਿਸਥਾਰ ਕੀਤਾ ਹੈ, ਜਿਸ ਵਿਚ ਜ਼ਿਆਦਾਤਰ ਯੂਰਪੀਅਨ ਦੇਸ਼ਾਂ ਦੇ ਨਾਲ-ਨਾਲ ਲਾਤੀਨੀ ਅਮਰੀਕਾ, ਦੱਖਣ-ਪੂਰਬੀ ਏਸ਼ੀਆ ਅਤੇ ਮੱਧ ਪੂਰਬ ਦੇ ਚੋਣਵੇਂ ਦੇਸ਼ਾਂ ਨੂੰ ਸ਼ਾਮਲ ਕੀਤਾ ਗਿਆ ਹੈ।

ਜਿੱਥੇ 79 ਦੇਸ਼ਾਂ ਨੂੰ ਪੂਰਨ ਵੀਜ਼ਾ-ਮੁਕਤ ਐਂਟਰੀ ਮਿਲੀ ਹੈ, ਉੱਥੇ ਹੀ ਅਮਰੀਕਾ ਅਤੇ ਇੰਡੋਨੇਸ਼ੀਆ ਵਰਗੇ ਦੇਸ਼ਾਂ ਦੇ ਨਾਗਰਿਕਾਂ ਨੂੰ 10 ਦਿਨਾਂ ਲਈ ਟ੍ਰਾਂਜ਼ਿਟ ਐਂਟਰੀ ਦੀ ਸਹੂਲਤ ਦਿੱਤੀ ਗਈ ਹੈ।

ਇਹ ਸਹੂਲਤ ਉਨ੍ਹਾਂ ਯਾਤਰੀਆਂ ਲਈ ਹੈ, ਜਿਨ੍ਹਾਂ ਕੋਲ ਕਿਸੇ ਅਜਿਹੇ ਦੇਸ਼ ਦੀ ਵਾਪਸੀ ਜਾਂ ਅਗਲੀ ਯਾਤਰਾ ਦੀ ਟਿਕਟ ਹੈ, ਜਿੱਥੋਂ ਉਹ ਨਹੀਂ ਆਏ ਹਨ। ਬ੍ਰਿਟੇਨ ਤੇ ਕੈਨੇਡਾ ਨੂੰ ਇਸ ਸੂਚੀ 'ਚ ਸ਼ਾਮਲ ਕਰਨ ਦਾ ਫੈਸਲਾ ਉਨ੍ਹਾਂ ਦੇ ਪ੍ਰਧਾਨ ਮੰਤਰੀਆਂ, ਕੀਰ ਸਟਾਰਮਰ ਤੇ ਮਾਰਕ ਕਾਰਨੀ ਦੀ ਪਿਛਲੇ ਮਹੀਨੇ ਹੋਈ ਚੀਨ ਯਾਤਰਾ ਤੋਂ ਬਾਅਦ ਲਿਆ ਗਿਆ ਹੈ। ਦੋਵੇਂ ਆਗੂ ਪਿਛਲੇ ਕੁਝ ਸਾਲਾਂ ਦੀ ਕੜਵਾਹਟ ਤੋਂ ਬਾਅਦ ਬੀਜਿੰਗ ਨਾਲ ਸਬੰਧਾਂ ਨੂੰ ਮੁੜ ਸੁਧਾਰਨ ਦੀ ਕੋਸ਼ਿਸ਼ ਕਰ ਰਹੇ ਹਨ। ਚੀਨ ਦੀ ਵੀਜ਼ਾ ਪ੍ਰਕਿਰਿਆ ਕਾਫ਼ੀ ਗੁੰਝਲਦਾਰ ਅਤੇ ਲੰਬੀ ਹੋਣ ਕਾਰਨ ਵਪਾਰਕ ਅਧਿਕਾਰੀਆਂ ਅਤੇ ਸੈਲਾਨੀਆਂ ਨੇ ਇਸ ਬਦਲਾਅ ਦਾ ਭਰਵਾਂ ਸਵਾਗਤ ਕੀਤਾ ਹੈ। ਹਾਲਾਂਕਿ ਜ਼ਿਆਦਾਤਰ ਦੇਸ਼ਾਂ ਲਈ ਇਹ ਵੀਜ਼ਾ-ਮੁਕਤ ਸਹੂਲਤ ਇਸ ਸਾਲ ਦੇ ਅੰਤ ਤੱਕ ਉਪਲਬਧ ਹੈ, ਪਰ ਉਮੀਦ ਜਤਾਈ ਜਾ ਰਹੀ ਹੈ ਕਿ ਇਸ ਨੂੰ ਪਹਿਲਾਂ ਵਾਂਗ ਅੱਗੇ ਵੀ ਵਧਾਇਆ ਜਾ ਸਕਦਾ ਹੈ।

# ਵਿੱਤੀ ਸਾਲ 2024-25 'ਚ ਚੋਣ ਟਰਸਟਾਂ ਨੂੰ 3,826.34 ਕਰੋੜ ਰੁਪਏ ਦਾ ਚੰਦਾ ਮਿਲਿਆ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ



ਵਿੱਤੀ ਸਾਲ 2024-25 'ਚ ਚੋਣ ਟਰੱਸਟਾਂ ਨੂੰ 3,826.34 ਕਰੋੜ ਰੁਪਏ ਦਾ ਚੰਦਾ ਪ੍ਰਾਪਤ ਹੋਇਆ ਅਤੇ ਉਨ੍ਹਾਂ 3,826.35 ਕਰੋੜ ਰੁਪਏ ਸਿਆਸੀ ਪਾਰਟੀਆਂ ਨੂੰ ਵੰਡੇ, ਜਿਸ 'ਚੋਂ 82 ਫੀਸਦੀ ਤੋਂ ਵੱਧ ਰਾਸ਼ੀ ਭਾਜਪਾ ਨੂੰ ਮਿਲੀ। ਇਹ ਜਾਣਕਾਰੀ ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ (ਏ.ਡੀ.ਆਰ.) ਨੇ ਦਿੱਤੀ।

ਚੋਣ ਕਮਿਸ਼ਨ ਕੋਲ ਪੇਸ਼ ਚੰਦੇ ਦੇ ਦਸਤਾਵੇਜ਼ਾਂ ਦਾ ਵਿਸ਼ਲੇਸ਼ਣ ਕਰਦਿਆਂ ਆਪਣੀ ਨਵੀਂ ਰਿਪੋਰਟ 'ਚ ਐਨ.ਜੀ.ਓ ਨੇ ਕਿਹਾ ਕਿ ਰਜਿਸਟਰਡ 20 ਚੋਣ ਟਰੱਸਟਾਂ 'ਚੋਂ 10 ਨੇ ਵਿੱਤੀ ਸਾਲ 2025 ਦੌਰਾਨ ਚੰਦਾ ਪ੍ਰਾਪਤ ਕਰਨ ਦਾ ਐਲਾਨ ਕੀਤਾ ਅਤੇ ਪੰਜ ਟਰੱਸਟਾਂ ਦੀ ਰਿਪੋਰਟ ਸਮਾਂਹੱਦ ਦੇ ਤਿੰਨ ਮਹੀਨੇ ਬਾਅਦ ਵੀ ਚੋਣ ਕਮਿਸ਼ਨ ਵੈੱਬਸਾਈਟ 'ਤੇ ਮੁਹੱਈਆ ਨਹੀਂ ਸੀ। ਏ.ਡੀ.ਆਰ. ਅਨੁਸਾਰ ਵਿੱਤੀ ਸਾਲ ਦੌਰਾਨ ਕਾਰਪੋਰੇਸ਼ਨਾਂ ਤੇ ਵਿਅਕਤੀਆਂ ਤੋਂ ਕੁੱਲ 3,826.3417 ਕਰੋੜ ਰੁਪਏ ਪ੍ਰਾਪਤ ਹੋਏ ਅਤੇ 3,826.3522 ਕਰੋੜ ਰੁਪਏ ਵੱਖ-ਵੱਖ ਸਿਆਸੀ ਪਾਰਟੀਆਂ ਨੂੰ ਵੰਡੇ ਗਏ। ਨਿਯਮਾਂ ਤਹਿਤ ਟਰੱਸਟਾਂ ਨੂੰ ਇਕ ਸਾਲ ਅੰਦਰ ਪ੍ਰਾਪਤ ਚੰਦੇ ਦਾ ਘੱਟੋ-ਘੱਟ 95 ਫੀਸਦੀ ਹਿੱਸਾ ਵੰਡਣਾ ਲਾਜ਼ਮੀ ਹੁੰਦਾ ਹੈ। ਸੱਤਾ ਧਿਰ ਭਾਜਪਾ ਨੂੰ 3,157.6449 ਕਰੋੜ ਰੁਪਏ ਮਿਲੇ, ਜੋ ਚੋਣ ਟਰੱਸਟਾਂ ਵੱਲੋਂ ਵੰਡੀ ਗਈ ਕੁੱਲ ਰਾਸ਼ੀ ਦਾ 82.52 ਫੀਸਦੀ ਹਿੱਸਾ ਹੈ। ਕਾਂਗਰਸ ਨੂੰ 298.7795 ਕਰੋੜ ਰੁਪਏ (7.81 ਫੀਸਦੀ) ਮਿਲੇ ਅਤੇ ਤ੍ਰਿਣਮੂਲ ਕਾਂਗਰਸ ਨੂੰ 102 ਕਰੋੜ (2.67 ਫੀਸਦੀ) ਰੁਪਏ ਮਿਲੇ। ਹੋਰ 19 ਪਾਰਟੀਆਂ ਨੂੰ ਕੁੱਲ ਮਿਲਾ ਕੇ 267.9178 ਕਰੋੜ ਰੁਪਏ ਪ੍ਰਾਪਤ ਹੋਏ। ਏ.ਡੀ.ਆਰ. ਨੇ ਦੱਸਿਆ ਕਿ 228 ਕਾਰਪੋਰੇਟਾਂ ਜਾਂ ਕਾਰੋਬਾਰੀ ਘਰਾਣਿਆਂ ਨੇ 3,636.819 ਕਰੋੜ ਰੁਪਏ ਦਾ ਯੋਗਦਾਨ ਪਾਇਆ ਅਤੇ 99 ਵਿਅਕਤੀਆਂ ਨੇ 187.6227 ਕਰੋੜ ਰੁਪਏ ਦਾਨ ਕੀਤੇ।

# ਅਮਰੀਕਾ 'ਚ ਜਾਹਨਵੀ ਕੰਡੂਲਾ ਦੇ ਪਰਿਵਾਰ ਨੂੰ ਮਿਲਣਗੇ 29 ਮਿਲੀਅਨ ਡਾਲਰ

ਸਿਆਟਲ
ਸਾਂਝੀ ਸੋਚ ਬਿਊਰੋ



ਅਮਰੀਕਾ ਦੇ ਪ੍ਰਸ਼ਾਸਨ ਨੇ ਸਿਆਟਲ 'ਚ ਇਕ ਪੁਲਿਸ ਜੀਪ ਦੀ ਟੱਕਰ ਨਾਲ ਜ਼ਖ਼ਮੀ ਹੋਣ ਉਪਰੰਤ ਹੋਈ ਮੌਤ ਕਾਰਨ ਭਾਰਤੀ ਵਿਦਿਆਰਥਣ ਜਾਹਨਵੀ ਕੰਡੂਲਾ ਦੇ ਪਰਿਵਾਰ ਨੂੰ ਵੱਡਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ। ਸਿਆਟਲ ਦੇ ਅਧਿਕਾਰੀਆਂ ਨੇ ਜਾਹਨਵੀ ਕੰਡੂਲਾ ਦੇ ਪਰਿਵਾਰ ਵੱਲੋਂ ਦਾਇਰ ਮੁਕੱਦਮੇ ਦਾ ਨਿਪਟਾਰਾ ਕਰਨ ਲਈ 29 ਮਿਲੀਅਨ ਡਾਲਰ (262 ਕਰੋੜ) ਦਾ ਭੁਗਤਾਨ ਕਰਨ ਲਈ ਸਹਿਮਤੀ ਦਿੱਤੀ ਹੈ। ਭਾਰਤ ਦੀ 23 ਸਾਲਾ ਗ੍ਰੈਜੂਏਟ ਵਿਦਿਆਰਥਣ ਜਾਹਨਵੀ ਕੰਡੂਲਾ ਦੀ ਜਨਵਰੀ 2023 ਵਿਚ ਇਕ ਪੁਲਿਸ ਅਧਿਕਾਰੀ ਵੱਲੋਂ ਚਲਾਈ ਜਾ ਰਹੀ ਤੇਜ਼ ਰਫ਼ਤਾਰ ਕਾਰ ਨਾਲ ਟੱਕਰ ਹੋਣ ਕਾਰਨ ਮੌਤ ਹੋ ਗਈ ਸੀ।

# ਗੈਂਗਸਟਰ ਅਬੂ ਸਲੇਮ ਦੀ ਪਟੀਸ਼ਨ ਸੁਪਰੀਮ ਕੋਰਟ ਵੱਲੋਂ ਖਾਰਜ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ



ਗੈਂਗਸਟਰ ਅਬੂ ਸਲੇਮ ਨੂੰ ਹਾਲੇ ਜੇਲ੍ਹ 'ਚ ਹੀ ਰਹਿਣਾ ਪਵੇਗਾ। ਸੁਪਰੀਮ ਕੋਰਟ ਨੇ ਉਸਦੀ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਸੋਮਵਾਰ ਨੂੰ ਇਨਕਾਰ ਕਰ ਦਿੱਤਾ। ਸੁਪਰੀਮ ਕੋਰਟ ਨੇ ਇਸ ਮਾਮਲੇ ਦੀ ਸੁਣਵਾਈ ਤੇ ਨਿਪਟਾਰੇ ਲਈ ਸਲੇਮ ਨੂੰ ਬਾਂਬੇ ਹਾਈ ਕੋਰਟ ਜਾਣ ਲਈ ਕਿਹਾ ਹੈ। ਪਟੀਸ਼ਨ 'ਚ ਸਲੇਮ ਨੇ ਦਾਅਵਾ ਕੀਤਾ ਕਿ ਉਸਨੂੰ 10 ਮਹੀਨੇ ਤੋਂ ਜ਼ਿਆਦਾ ਸਮੇਂ ਤੋਂ ਨਾਜਾਇਜ਼ ਹਿਰਾਸਤ 'ਚ ਰੱਖਿਆ ਗਿਆ ਹੈ, ਜਦਕਿ ਉਹ 1993 ਦੇ ਮੁੰਬਈ ਧਮਾਕਾ ਮਾਮਲੇ 'ਚ ਉਸਨੂੰ ਦਿੱਤੀ ਗਈ 25 ਸਾਲ ਦੀ ਸਜ਼ਾ ਪਹਿਲਾਂ ਹੀ ਪੂਰੀ ਕਰ ਚੁੱਕੀ ਹੈ। 1993 ਦੇ ਮੁੰਬਈ ਧਮਾਕਿਆਂ ਦੇ ਦੋਸ਼ੀ ਸਲੇਮ ਨੂੰ ਲੰਬੀ ਕਾਨੂੰਨੀ ਲੜਾਈ ਮਗਰੋਂ 11 ਨਵੰਬਰ, 2005 ਨੂੰ ਪੁਰਤਗਾਲ ਤੋਂ ਹਵਾਲਗੀ ਕੀਤੀ ਗਈ ਸੀ।

ਭਾਰਤ ਤੇ ਪੁਰਤਗਾਲ ਵਿਚਾਲੇ ਹੋਏ ਹਵਾਲਗੀ ਸਮਝੌਤੇ ਦੀਆਂ ਸ਼ਰਤਾਂ ਦੇ ਮੁਤਾਬਕ, ਸਲੇਮ ਨੂੰ ਮੌਤ ਦੀ ਸਜ਼ਾ ਨਹੀਂ ਦਿੱਤੀ ਜਾ ਸਕਦੀ ਤੇ ਉਸਦੀ ਕੈਦ ਦੀ ਮਿਆਦ 25 ਸਾਲ ਤੋਂ ਜ਼ਿਆਦਾ ਨਹੀਂ ਹੋ ਸਕਦੀ। ਜਸਟਿਸ ਵਿਕਰਮ ਨਾਥ ਤੇ ਜਸਟਿਸ ਸੰਦੀਪ ਮਹਿਤਾ ਦਾ ਬੈਂਚ ਸਲੇਮ ਦੀ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ, ਜਿਸ 'ਚ ਉਸਨੇ ਬੰਬਈ ਹਾਈ ਕੋਰਟ ਦੇ ਜੁਲਾਈ 2025 ਦੇ ਆਦੇਸ਼ ਨੂੰ ਚੁਣੌਤੀ ਦਿੱਤੀ ਸੀ, ਜਿਸ 'ਚ ਕਿਹਾ ਗਿਆ ਸੀ ਕਿ 25 ਸਾਲ ਹਾਲੇ ਪੂਰੇ ਨਹੀਂ ਹੋਏ।

ਸਲੇਮ ਨੇ ਹਾਈ ਕੋਰਟ 'ਚ ਪਟੀਸ਼ਨ ਦਾਇਰ ਕਰ ਕੇ ਆਪਣੀ ਰਿਹਾਈ ਦੀ ਮੰਗ ਕੀਤੀ ਸੀ, ਜਿਸ ਵਿਚ ਉਸਨੇ ਦਾਅਵਾ ਕੀਤਾ ਸੀ ਕਿ ਚੰਗੇ ਵਿਹਾਰ ਲਈ ਦਿੱਤੀ ਗਈ ਛੋਟ ਨੂੰ ਸਾਮਲ ਕਰਨ 'ਤੇ ਉਹ ਪਹਿਲਾਂ ਹੀ 25 ਸਾਲ ਦੀ ਕੈਦ ਕੱਟ ਚੁੱਕਾ ਹੈ। ਹਾਈ ਕੋਰਟ ਨੇ ਉਸਦੀ ਪਟੀਸ਼ਨ ਸਵੀਕਾਰ ਕਰਲਈ ਸੀ, ਪਰ ਕੋਈ ਅੰਤ੍ਰਿਮ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਸੁਪਰੀਮ ਕੋਰਟ ਨੇ ਸੋਮਵਾਰ ਨੂੰ ਸੁਣਵਾਈ ਦੌਰਾਨ ਸਲੇਮ ਦੇ ਵਕੀਲ ਨੂੰ ਕਿਹਾ ਕਿ ਹਾਈ ਕੋਰਟ ਨੇ ਉਸਨੂੰ ਸਿਰਫ਼ ਅੰਤ੍ਰਿਮ ਰਾਹਤ ਦੇਣ ਤੋਂ ਇਨਕਾਰ ਕੀਤਾ ਹੈ।

# ਆਈਸੀਈ ਦਾ ਵਿਵਹਾਰ ਤਾਨਸ਼ਾਹੀ ਵਾਲਾ- ਬਰਾਕ ਉਬਾਮਾ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ



ਸਾਬਕਾ ਰਾਸ਼ਟਰਪਤੀ ਬਰਾਕ ਉਬਾਮਾ ਨੇ ਇਮੀਗ੍ਰੇਸ਼ਨ ਤੇ ਕਸਟਮਜ ਇਨਫੋਰਸਮੈਂਟ (ਆਈ ਸੀ ਈ) ਏਜੰਟਾਂ ਦੀ ਸਖਤ ਅਲੋਚਨਾ ਕਰਦਿਆਂ ਕਿਹਾ ਹੈ ਕਿ ਉਹ ਤਾਨਾਸ਼ਾਹੀ ਢੰਗ ਤਰੀਕੇ ਨਾਲ ਕੰਮ ਕਰ ਰਹੇ ਹਨ। ਉਨਾਂ ਨੇ ਇਕ ਬਿਆਨ ਵਿੱਚ ਕਿਹਾ ਕਿ ਮਿਨੀਸੋਟਾ ਵਿੱਚ ਆਈ ਸੀ ਈ ਏਜੰਟ ਜਿਸ ਤਰਾਂ ਦਾ ਵਿਵਹਾਰ ਕਰ ਰਹੇ ਹਨ,ਅਜਿਹਾ ਵਿਵਹਾਰ ਏਕਾਧਿਕਾਰ ਤੇ ਤਾਨਾਸ਼ਾਹੀ ਦੇਸ਼ਾਂ ਵਿੱਚ ਵੇਖਿਆ ਗਿਆ ਹੈ। ਉਬਾਮਾ ਜਿਨਾਂ ਨੇ ਪਹਿਲਾਂ ਅਮਰੀਕਾ ਦੇ ਸ਼ਹਿਰਾਂ ਵਿੱਚ ਸੰਘੀ ਏਜੰਟਾਂ ਨੂੰ ਤਾਇਨਾਤ ਕਰਨ ਕਾਰਨ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਲੋਚਨਾ ਕੀਤੀ ਸੀ,ਨੇ ਤਾਜ਼ਾ ਬਿਆਨ ਵਿੱਚ ਕਿਹਾ ਹੈ ਕਿ ਆਈ ਸੀ ਈ ਏਜੰਟਾਂ ਦਾ ਵਿਵਹਾਰ ਖਤਰਨਾਕ ਹੈ ਇਹ ਚਿੰਤਾ ਦਾ ਵਿਸ਼ਾ ਹੈ । ਮਿਨੀਸੋਟਾ ਵਿਚ ਤਾਇਨਾਤ 3000 ਸੰਘੀ ਏਜੰਟਾਂ ਦੀਆਂ ਆਮ ਲੋਕਾਂ ਨਾਲ ਟਕਰਾਅ ਦੀਆਂ ਅਨੇਕਾਂ ਵੀਡੀਓ ਸਾਹਮਣੇ ਆਈਆਂ ਹਨ। ਉਬਾਮਾ ਨੇ ਕਿਹਾ ਕਿ ਮਿਨਿਆਪੋਲਿਸ ,ਸੇਂਟ ਪਾਲ ਵਿੱਚ ਆਈ ਸੀ ਈ ਏਜੰਟ ਜੋ ਕਰ ਰਹੇ ਹਨ ਉਸ ਦਾ ਨੋਟਿਸ ਲੈਣਾ ਜਰੂਰੀ ਹੈ, ਅਜਿਹਾ ਲੱਗਦਾ ਹੈ ਕਿ ਉਨਾਂ ਨੂੰ ਬਿਨਾਂ ਸਪੱਸ਼ਟ ਦਿਸ਼ਾ ਨਿਰਦੇਸ਼, ਸਿਖਲਾਈ ਦੇ ਤਾਇਨਾਤ ਕੀਤਾ ਗਿਆ ਹੈ ਜੋ ਲੋਕਾਂ ਨੂੰ ਘਰਾਂ ਵਿਚੋਂ ਧੂਹ ਕੇ ਬਾਹਰ ਕੱਢ ਰਹੇ ਹਨ ਤੇ ਜੋ ਸਧਾਰਨ ਖੜੇ ਲੋਕਾਂ ਉਪਰ ਹੰਝੂ ਗੈਸ ਛੱਡ ਰਹੇ ਹਨ। ਮਿਨਿਆਪੋਲਿਸ ਵਿੱਚ ਪ੍ਰਦਰਸ਼ਨਕਾਰੀ ਰੀਨੀ ਗੁੱਡ ਤੇ ਐਲਕਸ ਪੈਟੀ ਦੀ ਇਮੀਗ੍ਰੇਸ਼ਨ ਏਜੰਟਾਂ ਹੱਥੋਂ ਹੋਈ ਹੱਤਿਆ ਤੋਂ ਬਾਅਦ ਦੇਸ਼ ਭਰ ਵਿੱਚ ਵੱਡੀ ਪੱਧਰ 'ਤੇ ਵਿਰੋਧ ਵੇਖਣ ਨੂੰ ਮਿਲਿਆ ਹੈ।

# ਭਾਰਤੀ ਮੂਲ ਦੀ ਨਿਸ਼ਾ ਅਗਰਵਾਲ ਮੇਅਰ ਦੇ ਦਫ਼ਤਰ ਵਿੱਚ ਕਮਿਸ਼ਨਰ ਨਿਯੁਕਤ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ



ਮੇਅਰ ਜ਼ੋਹਰਨ ਮਮਦਾਨੀ ਨੇ ਨਿਊ ਯਾਰਕ ਦੀਆਂ ਪ੍ਰਮੁੱਖ ਏਜੰਸੀਆਂ ਵਿੱਚ ਸੇਵਾਵਾਂ ਵਿੱਚ ਸੁਧਾਰ ਦੀ ਕੋਸ਼ਿਸ਼ ਵਜੋਂ ਕਈ ਨਿਯੁਕਤੀਆਂ ਕਰਨ ਦਾ ਐਲਾਨ ਕੀਤਾ ਹੈ ਜਿਨਾਂ ਵਿੱਚ ਇਕ ਅਹਿਮ ਨਿਯੁਕਤੀ ਭਾਰਤੀ ਮੂਲ ਦੀ ਨਿਸ਼ਾ ਅਗਰਵਾਲ ਦੀ ਹੋਈ ਹੈ। ਨਿਸ਼ਾ ਅਗਰਵਾਲ ਨੂੰ ਅੰਗਹੀਣਾਂ ਲਈ ਮੇਅਰ ਦੇ ਦਫਤਰ ਦੀ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਮੇਅਰ ਨੇ ਕਿਹਾ ਹੈ ਕਿ ਅਗਰਵਾਲ ਦਾ ਤਜ਼ਰਬਾ ਹਾਊਸਿੰਗ, ਸਿਹਤ ਸੰਭਾਲ, ਸਿੱਖਿਆ ਤੇ ਹੋਰ ਜਰੂਰੀ ਸੇਵਾਵਾਂ ਲੋਕਾਂ ਤੱਕ ਪਹੁੰਚਾਉਣ ਦੇ ਕੰਮ ਆਵੇਗਾ। ਅਗਰਵਾਲ ਪਾਲਸੀ ਐਂਡ ਕਮਿਊਨੀਕੇਸ਼ਨਜ ਦੇ ਡਾਇਰੈਕਟਰ ਸਮੇਤ ਹੋਰ ਕਈ ਅਹਿਮ ਅਹੁੱਦਿਆਂ 'ਤੇ ਕੰਮ ਕਰ ਚੁੱਕੀ ਹੈ। ਉਸ ਨੇ ਮੇਅਰ ਦੇ ਦਫਤਰ ਵਿੱਚ ਪ੍ਰਵਾਸੀ ਮਾਮਲਿਆਂ 'ਤੇ ਵੀ ਆਪਣੀਆਂ ਸੇਵਾਵਾਂ ਦਿੱਤੀਆਂ ਹਨ।





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

Kirandeep Kaur
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

Contact : Cell (209) 550-1704

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

# TAKE CONTROL OF YOUR HEALTH!

PRIVATE, AFFORDABLE, & CONVENIENT

## 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANYLABTEST NOW!



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੈਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday Friday in Punjabi.


## HOMEOPATHIC NATURAL MEDICINES

**When Tired of All Treatments,
For any Disease, at any Age
Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician Since 1973
DHMS-Gold Medalist, BAMS, MDEH
Ex-Prof, Principal & CMO Medical Colleges/Hospitals in India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**

# ਭਗਵੰਤ ਮਾਨ ਦੀ ਜੰਗ ਦੇ ਮੈਦਾਨ ਵਿੱਚ ਹਰ ਪਿੰਡ ਦੀ ਵੀਡੀਸੀ ਬਣੀ ਫਰੰਟਲਾਈਨ ਯੋਧਾ: ਪੰਨੂ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੂਬਾ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਵਿਰੋਧੀ ਪਾਰਟੀਆਂ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਬੀਤੇ ਦਿਨੀਂ ਮੋਗਾ ਦੇ ਕਿੱਲੀ ਚਾਹਲਾਂ ਵਿਖੇ ਆਯੋਜਿਤ ਵਿਲੇਜ ਡਿਫੈਂਸ ਕਮੇਟੀ (ਵੀਡੀਸੀ) ਦੇ ਸਹੁੰ ਚੁੱਕ ਸਮਾਗਮ ਨੇ ਉਨ੍ਹਾਂ ਰਵਾਇਤੀ ਪਾਰਟੀਆਂ ਦੀ ਤਕਲੀਫ਼ ਵਧਾ ਦਿੱਤੀ ਹੈ, ਜਿਨ੍ਹਾਂ ਨੇ ਪੰਜਾਬ ਦੀ ਜਵਾਨੀ ਨੂੰ 'ਚਿੱਟੇ' ਦੀ ਅੱਗ ਵਿੱਚ ਧੱਕਿਆ ਸੀ। ਪੰਨੂ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਆਪਣੇ ਸਿਆਸੀ ਫਾਇਦੇ ਲਈ ਨਸ਼ਿਆਂ ਨੂੰ ਉਤਸ਼ਾਹਿਤ ਕੀਤਾ, ਅੱਜ ਉਨ੍ਹਾਂ ਨੂੰ ਇਸ ਗੱਲ ਦੀ ਸਭ ਤੋਂ ਵੱਧ ਤਕਲੀਫ਼ ਹੋ ਰਹੀ ਹੈ ਕਿ ਪੰਜਾਬ ਵਿੱਚੋਂ ਨਸ਼ਿਆਂ ਦਾ ਕੋਹੜ ਹਮੇਸ਼ਾ ਲਈ ਖ਼ਤਮ ਹੋਣ ਜਾ ਰਿਹਾ ਹੈ।ਮੰਗਲਵਾਰ ਨੂੰ ਪਾਰਟੀ ਦਫ਼ਤਰ ਵਿੱਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਬਲਤੇਜ ਪੰਨੂ ਨੇ ਕਿਹਾ ਕਿ 2007 ਤੋਂ 2017 ਅਤੇ ਫਿਰ 2017 ਤੋਂ 2022 ਤੱਕ ਪੰਜਾਬ ਨੇ ਉਹ ਕਾਲਾ ਦੌਰ ਦੇਖਿਆ ਹੈ ਜਦੋਂ ਕੋਈ ਨਸ਼ਾ ਤਸਕਰ ਫੜਿਆ ਜਾਂਦਾ ਸੀ, ਤਾਂ ਕੁਝ ਹੀ ਘੰਟਿਆਂ ਵਿੱਚ ਉਸ ਦੀਆਂ ਤਸਵੀਰਾਂ ਉਸ ਸਮੇਂ ਦੇ ਸੱਤਾਧਾਰੀ ਆਗੂਆਂ ਨਾਲ ਵਾਇਰਲ ਹੋ ਜਾਂਦੀਆਂ ਸਨ।ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਨੇ ਪੈਸੇ ਦੀ ਖ਼ਾਤਰ ਪੰਜਾਬ ਦੀ ਜਵਾਨੀ ਨੂੰ ਬਰਬਾਦ ਕਰ ਦਿੱਤਾ। ਅੱਜ ਜਦੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਪੂਰੀ ਇੱਛਾ ਸ਼ਕਤੀ ਨਾਲ ਨਸ਼ਿਆਂ ਵਿਰੁੱਧ ਜੰਗ ਲੜ ਰਹੀ ਹੈ, ਤਾਂ ਇਹ ਵਿਰੋਧੀ ਆਗੂ ਬੌਖਲਾਹਟ ਵਿੱਚ ਬੇਤੁਕੀ ਬਿਆਨਬਾਜ਼ੀ ਕਰ ਰਹੇ ਹਨ।ਪੰਨੂ ਨੇ ਕਿਹਾ ਕਿ ਮੋਗਾ ਦੇ ਕਿੱਲੀ ਚਹਿਲ ਵਿੱਚ ਉਮੜਿਆ ਭਾਰੀ ਇਕੱਠ ਵਿਰੋਧੀਆਂ ਦੀਆਂ ਅੱਖਾਂ ਵਿੱਚ ਰੜਕ ਰਿਹਾ ਹੈ। ਮੁੱਖ ਮੰਤਰੀ ਭਗਵੰਤ ਮਾਨ ਆਪਣੀ ਖ਼ਰਾਬ ਸਿਹਤ ਦੇ ਬਾਵਜੂਦ ਹਸਪਤਾਲ ਤੋਂ ਸਿੱਧਾ ਰੈਲੀ ਵਿੱਚ ਪਹੁੰਚੇ ਅਤੇ 1.25 ਲੱਖ ਮੈਂਬਰਾਂ ਨੂੰ ਸਹੁੰ ਚੁਕਾਈ, ਜੋ ਨਸ਼ਿਆਂ ਵਿਰੁੱਧ ਜੰਗ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਜੋ ਲੋਕ ਅਫ਼ਸਰਾਂ ਦੇ ਉੱਥੇ ਜਾਣ 'ਤੇ ਸਵਾਲ ਉਠਾ ਰਹੇ ਹਨ, ਉਹ ਸ਼ਾਇਦ ਭੁੱਲ ਗਏ ਹਨ ਕਿ ਨਸ਼ਿਆਂ ਵਿਰੁੱਧ ਇਹ ਜੰਗ ਸਿਰਫ਼ ਸਰਕਾਰ ਦੀ ਨਹੀਂ, ਸਗੋਂ ਪੁਲਿਸ, ਪ੍ਰਸ਼ਾਸਨ ਅਤੇ ਜਨਤਾ ਦੀ ਸਾਂਝੀ ਜੰਗ ਹੈ।'ਆਪ' ਆਗੂ ਨੇ ਕਿਹਾ ਕਿ ਪੰਜਾਬ ਦੇ ਹਰ ਪਿੰਡ ਅਤੇ ਵਾਰਡ ਤੋਂ 8 ਤੋਂ 10 ਜਾਗਰੂਕ ਨਾਗਰਿਕਾਂ ਨੂੰ ਮਿਲਾ ਕੇ ਲਗਭਗ 1.25 ਮੈਂਬਰਾਂ ਦੀ ਵਿਲੇਜ ਡਿਫੈਂਸ ਕਮੇਟੀ ਬਣਾਈ ਗਈ ਹੈ। ਇਹ ਕੋਈ ਕਾਗਜ਼ੀ ਕਾਰਵਾਈ ਨਹੀਂ ਹੈ, ਜਿਵੇਂ ਕੈਪਟਨ ਅਮਰਿੰਦਰ ਸਿੰਘ ਨੇ 2018 ਵਿੱਚ ਕੀਤੀ ਸੀ। ਅੱਜ ਹਰ ਮੈਂਬਰ ਕੋਲ ਇੱਕ ਵਿਸ਼ੇਸ਼ ਐਪ ਹੈ, ਜਿਸ ਰਾਹੀਂ ਨਸ਼ਾ ਵੇਚਣ ਵਾਲਿਆਂ ਦੀ ਸਿੱਧੀ ਜਾਣਕਾਰੀ ਪੁਲਿਸ ਹੈੱਡਕੁਆਰਟਰ ਅਤੇ ਮੁੱਖ ਮੰਤਰੀ ਦਫ਼ਤਰ ਤੱਕ ਪਹੁੰਚਦੀ ਹੈ। ਹੁਣ ਤੱਕ ਇਸ ਐਪ ਰਾਹੀਂ 1400 ਤੋਂ ਵੱਧ ਸ਼ਿਕਾਇਤਾਂ ਆਈਆਂ ਹਨ, ਜਿਨ੍ਹਾਂ 'ਤੇ ਸਖ਼ਤ ਕਾਰਵਾਈ ਕਰਦਿਆਂ ਐਫਆਈਆਰ ਦਰਜ ਕੀਤੀਆਂ ਗਈਆਂ ਹਨ। ਇਹ ਜਨ-ਅੰਦੋਲਨ ਹੀ ਵਿਰੋਧੀਆਂ ਦੀ ਸਭ ਤੋਂ ਵੱਡੀ ਹਾਰ ਹੈ।ਵਿਰੋਧੀ ਨੇਤਾ ਸੁਖਜਿੰਦਰ ਸਿੰਘ ਰੰਧਾਵਾ 'ਤੇ ਨਿਸ਼ਾਨਾ ਸਾਧਦਿਆਂ ਪੰਨੂ ਨੇ ਸਵਾਲ ਕੀਤਾ ਕਿ ਉਸ ਵੇਲੇ ਉਨ੍ਹਾਂ ਦੀ ਕਲਮ ਕਿਉਂ ਨਹੀਂ ਚੱਲੀ ਜਦੋਂ ਗੁਟਕਾ ਸਾਹਿਬ ਦੀ ਝੂਠੀ ਕਸਮ ਖਾ ਕੇ ਪੰਜਾਬ ਦੇ ਲੋਕਾਂ ਨੂੰ ਠੱਗਿਆ ਗਿਆ ਸੀ? ਅੱਜ ਜਦੋਂ ਪੁਲਿਸ, ਪ੍ਰਸ਼ਾਸਨ ਅਤੇ ਜਨਤਾ ਮਿਲ ਕੇ ਨਸ਼ਿਆਂ ਵਿਰੁੱਧ ਲੜ ਰਹੇ ਹਨ, ਤਾਂ ਰੰਧਾਵਾ ਸਾਹਿਬ ਕੇਂਦਰ ਨੂੰ ਚਿੱਠੀਆਂ ਲਿਖ ਰਹੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਮਾਨ ਸਰਕਾਰ ਨੇ ਪੰਜਾਬ ਵਿੱਚੋਂ 'ਪਰਚਾ ਕਲਚਰ' ਖ਼ਤਮ ਕੀਤਾ ਹੈ ਅਤੇ ਕਿਸੇ ਵੀ ਬੇਗੁਨਾਹ 'ਤੇ ਗਲਤ ਕਾਰਵਾਈ ਨਹੀਂ ਹੋਣ ਦਿੱਤੀ ਜਾਵੇਗੀ, ਪਰ ਨਸ਼ਾ ਵੇਚਣ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ।ਪੰਨੂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਇਹ ਵਿਰੋਧੀ ਪਾਰਟੀਆਂ



ਚਾਹੁੰਦੀਆਂ ਹਨ ਕਿ ਪੰਜਾਬ ਵਿੱਚ ਨਸ਼ਿਆਂ ਨਾਲ ਲਾਸ਼ਾਂ ਡਿੱਗਦੀਆਂ ਰਹਿਣ ਤਾਂ ਜੋ ਇਹ ਉਨ੍ਹਾਂ 'ਤੇ ਆਪਣੀ ਗੰਦੀ ਰਾਜਨੀਤੀ ਕਰ ਸਕਣ। ਉਨ੍ਹਾਂ ਕਿਹਾ ਕਿ 1.25 ਲੱਖ ਵੀਡੀਸੀ ਮੈਂਬਰ ਕੇਵਲ ਨਸ਼ਾ ਤਸਕਰਾਂ ਨੂੰ ਹੀ ਨਹੀਂ, ਸਗੋਂ ਉਨ੍ਹਾਂ ਨੇਤਾਵਾਂ ਨੂੰ ਵੀ ਜਵਾਬ ਦੇਣਗੇ ਜੋ ਇਸ ਮੁਹਿੰਮ ਖ਼ਿਲਾਫ਼ ਬੋਲ ਰਹੇ ਹਨ। ਜਦੋਂ ਇਹ ਨੇਤਾ ਪਿੰਡਾਂ ਵਿੱਚ ਜਾਣਗੇ, ਤਾਂ ਪੰਜਾਬ ਦੇ ਲੋਕ ਇਨ੍ਹਾਂ ਨੂੰ ਪੁੱਛਣਗੇ ਕਿ ਜਦੋਂ ਅਸੀਂ ਆਪਣੇ ਬੱਚਿਆਂ ਨੂੰ ਬਚਾਉਣ ਲਈ ਅੱਗੇ ਆਏ ਹਾਂ, ਤਾਂ ਤੁਹਾਨੂੰ ਤਕਲੀਫ਼ ਕਿਉਂ ਹੋ ਰਹੀ ਹੈ? ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਇਹ ਜੰਗ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਪੰਜਾਬ ਪੂਰੀ ਤਰ੍ਹਾਂ ਨਸ਼ਾ ਮੁਕਤ ਨਹੀਂ ਹੋ ਜਾਂਦਾ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ 'ਹਿੰਦੀ ਸਾਹਿਤ ਵਿੱਚ ਕਿਸਾਨ-ਪ੍ਰਵਚਨ' ਵਿਸ਼ੇ 'ਤੇ ਰਾਸ਼ਟਰੀ ਸੈਮੀਨਾਰ ਸਮਾਪਤ

ਅੰਮ੍ਰਿਤਸਰ
ਡਾ.ਰਾਜਿੰਦਰ ਰਿਖੀ

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਹਿੰਦੀ ਵਿਭਾਗ ਅਤੇ ਖੇਤੀਬਾੜੀ ਖੋਜ ਅਤੇ ਨਵੀਨਤਾ ਕੇਂਦਰ ਨੇ ਆਰਯੂਐਸਏ 2.0 ਦੇ ਸਹਿਯੋਗ ਨਾਲ 'ਹਿੰਦੀ ਸਾਹਿਤ ਵਿੱਚ ਕਿਸਾਨ-ਪ੍ਰਵਚਨ' ਵਿਸ਼ੇ 'ਤੇ ਇੱਕ ਰੋਜ਼ਾ ਰਾਸ਼ਟਰੀ ਸੈਮੀਨਾਰ ਸਫਲਤਾਪੂਰਵਕ ਆਯੋਜਿਤ ਕੀਤਾ। ਆਪਣੇ ਸਵਾਗਤੀ ਭਾਸ਼ਣ ਵਿੱਚ, ਪ੍ਰੋਫੈਸਰ ਸੁਨੀਲ ਸ਼ਰਮਾ, ਕਨਵੀਨਰ ਅਤੇ ਵਿਭਾਗ ਦੇ ਮੁਖੀ, ਨੇ ਕਿਹਾ ਕਿ ਕਿਸਾਨ ਸਿਰਫ਼ ਇੱਕ ਪਾਤਰ ਨਹੀਂ ਹਨ, ਸਗੋਂ ਭਾਰਤੀ ਸਮਾਜ ਦੀ ਆਤਮਾ ਹਨ। ਉਨ੍ਹਾਂ ਨੇ ਖੇਤੀਬਾੜੀ ਸੰਕਟ ਅਤੇ ਕਰਜ਼ੇ ਵਰਗੇ ਮਹੱਤਵਪੂਰਨ ਮੁੱਦਿਆਂ ਨੂੰ ਹੱਲ ਕਰਨ ਵਿੱਚ ਸਾਹਿਤ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ। ਆਪਣੇ ਉਦਘਾਟਨੀ ਭਾਸ਼ਣ ਵਿੱਚ, ਪ੍ਰੋਫੈਸਰ ਕੇ.ਕੇ. ਸ਼ਰਮਾ (ਜਾਮੀਆ ਮਿਲੀਆ ਇਸਲਾਮੀਆ) ਨੇ ਕਿਹਾ ਕਿ ਕਿਸਾਨ-ਪ੍ਰਵਚਨ ਸਾਹਿਤ ਨੂੰ ਸਿਰਫ਼ ਭਾਵਨਾਤਮਕ ਪ੍ਰਗਟਾਵੇ ਤੋਂ ਸਮਾਜਿਕ ਦਖਲਅੰਦਾਜ਼ੀ ਦੇ ਮਾਧਿਅਮ ਵਿੱਚ ਬਦਲ ਦਿੰਦਾ ਹੈ।ਉਦਘਾਟਨ ਸੈਸ਼ਨ ਦੀ ਪ੍ਰਧਾਨਗੀ ਕਰਦੇ ਹੋਏ, ਪਦਮਸ਼੍ਰੀ ਪ੍ਰੋਫੈਸਰ ਹਰਮਹੇਂਦਰ ਸਿੰਘ ਬੇਦੀ (ਵਾਈਸ ਚਾਂਸਲਰ, ਹਿਮਾਚਲ ਪ੍ਰਦੇਸ਼ ਸੈਂਟਰਲ ਯੂਨੀਵਰਸਿਟੀ) ਨੇ ਕਿਹਾ ਕਿ ਭਾਰਤ ਮੂਲ ਰੂਪ ਵਿੱਚ ਇੱਕ ਖੇਤੀਬਾੜੀ ਦੇਸ਼ ਹੈ ਜਿੱਥੇ ਕਿਸਾਨ ਸੱਭਿਆਚਾਰਕ ਚੇਤਨਾ ਦੇ ਧਾਰਨੀ ਹਨ। ਮੁੱਖ ਮਹਿਮਾਨ ਪ੍ਰੋਫੈਸਰ ਸਤਨਾਮ ਸਿੰਘ ਦਿਆਲ ਅਤੇ ਵਿਸ਼ੇਸ਼ ਮਹਿਮਾਨ ਪ੍ਰੋਫੈਸਰ ਗੁਰਮੀਤ ਸਿੰਘ ਨੇ ਪ੍ਰੇਮਚੰਦ ਦੇ "ਗੋਦਾਨ" ਅਤੇ ਰੇਣੂ ਦੇ "ਮੈਲਾ ਆਂਚਲ" ਦਾ ਹਵਾਲਾ ਦਿੰਦੇ ਹੋਏ ਕਿਸਾਨਾਂ ਦੀ ਦੁਰਦਸ਼ਾ ਅਤੇ ਨੈਤਿਕ



ਸੰਘਰਸ਼ 'ਤੇ ਚਾਨਣਾ ਪਾਇਆ। ਇਸ ਸੈਸ਼ਨ ਦੌਰਾਨ ਪ੍ਰੋ. ਹਰਮਹੇਂਦਰ ਸਿੰਘ ਬੇਦੀ, ਡਾ. ਨਿਰਮਲ ਕੌਸ਼ਿਕ, ਸ਼੍ਰੀ ਸ਼ਾਂਤੀ ਕੁਮਾਰ ਸਿਆਲ ਅਤੇ ਸ਼੍ਰੀ ਰਮਨ ਕੁਮਾਰ ਸ਼ਰਮਾ ਦੀਆਂ ਕਿਤਾਬਾਂ ਵੀ ਰਿਲੀਜ਼ ਕੀਤੀਆਂ ਗਈਆਂ।ਦੁਪਹਿਰ ਦੇ ਸੈਸ਼ਨ ਦੀ ਪ੍ਰਧਾਨਗੀ ਡਾ. ਭਵਾਨੀ ਸਿੰਘ (ਸ਼ਿਮਲਾ) ਨੇ ਕੀਤੀ। ਡਾ. ਸਿਧਾਰਥ ਸ਼ੰਕਰ ਰਾਏ (ਮਹੇਂਦਰਗੜ੍ਹ) ਨੇ ਨਾਗਾਰਜੁਨ ਅਤੇ ਤ੍ਰਿਲੋਚਨ ਦੀ ਕਵਿਤਾ ਰਾਹੀਂ ਵਿਸ਼ਵੀਕਰਨ ਅਤੇ ਬਾਜ਼ਾਰ ਦੇ ਦਬਾਅ 'ਤੇ ਚਰਚਾ ਕੀਤੀ। ਮੁੱਖ ਮਹਿਮਾਨ ਡਾ. ਰਜਨੀ ਪ੍ਰਤਾਪ ਅਤੇ ਵਿਸ਼ੇਸ਼ ਮਹਿਮਾਨ ਡਾ. ਅਨਿਲ ਕੁਮਾਰ ਨੇ ਕਿਸਾਨਾਂ ਦੇ ਮੁੱਦਿਆਂ ਨੂੰ ਸੱਭਿਆਚਾਰਕ ਅਤੇ ਵਿਚਾਰਧਾਰਕ ਸੰਦਰਭਾਂ ਵਿੱਚ ਸਮਝਣ ਦੀ ਲੋੜ 'ਤੇ ਜ਼ੋਰ ਦਿੱਤਾ। ਡਾ. ਕੰਵਲਜੀਤ ਕੌਰ, ਸ਼ਰੌਬਿਨ, ਸੁਨੈਨਾ ਅਰੋੜਾ ਅਤੇ ਡਾ. ਨਿਰਮਲ ਕੌਸ਼ਿਕ ਨੇ ਇਸ ਸੈਸ਼ਨ ਵਿੱਚ ਪੇਪਰ ਪੇਸ਼ ਕੀਤੇ।ਦੁਪਹਿਰ ਦੇ ਖਾਣੇ ਤੋਂ ਬਾਅਦ ਆਯੋਜਿਤ ਅੰਤਿਮ ਸੈਸ਼ਨ ਲਈ ਡਾ. ਸ਼ੈਲੀ ਜੱਗੀ (ਹਿੰਦੀ ਵਿਭਾਗ, ਬੀਬੀਕੇ ਡੀਏਵੀ ਕਾਲਜ ਫਾਰ ਵੂਮੈਨ, ਅੰਮ੍ਰਿਤਸਰ) ਮੁੱਖ ਮਹਿਮਾਨ ਸਨ। ਉਸਨੇ ਕਿਸਾਨ ਬਹਿਸ 'ਤੇ ਇੱਕ ਨਵਾਂ ਅਤੇ ਸੂਖਮ ਦ੍ਰਿਸ਼ਟੀਕੋਣ ਪੇਸ਼ ਕੀਤਾ, ਇਹ ਦਲੀਲ ਦਿੱਤੀ ਕਿ ਇਸ ਬਹਿਸ ਨੂੰ ਲਾਜ਼ਮੀ ਤੌਰ 'ਤੇ ਲਿੰਗ ਦ੍ਰਿਸ਼ਟੀਕੋਣ ਤੋਂ ਦੇਖਣ ਦੀ ਲੋੜ ਹੈ। ਡਾ. ਜੱਗੀ ਨੇ ਜ਼ੋਰ ਦੇ ਕੇ ਕਿਹਾ ਕਿ ਖੇਤਾਂ ਵਿੱਚ ਔਰਤਾਂ ਦੀ ਮਿਹਨਤ, ਬਿਜਾਈ ਤੋਂ ਲੈ ਕੇ ਵਾਢੀ ਤੱਕ, ਬਹੁਤ ਵੱਡੀ ਅਤੇ ਮਹੱਤਵਪੂਰਨ ਹੈ, ਪਰ ਵਿਅੰਗਾਤਮਕ ਤੌਰ 'ਤੇ, ਸਾਹਿਤ ਅਤੇ ਸਮਾਜ ਦੋਵਾਂ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਅਕਸਰ ਨਜ਼ਰਅੰਦਾਜ਼ ਜਾਂ ਅਦਿੱਖ ਕੀਤਾ ਜਾਂਦਾ ਹੈ। ਉਸਨੇ ਅੱਗੇ ਕਿਹਾ ਕਿ ਡਿਜੀਟਲ ਮੀਡੀਆ ਅਤੇ ਨਵੀਆਂ ਸ਼ੈਲੀਆਂ ਕਿਸਾਨ ਜੀਵਨ ਦੇ ਪ੍ਰਗਟਾਵੇ ਦੇ ਨਵੇਂ ਪਹਿਲੂ ਖੋਲ੍ਹ ਰਹੀਆਂ ਹਨ, ਪੇਂਡੂ ਸੰਵੇਦਨਾਵਾਂ ਲਈ ਇੱਕ ਵਿਸ਼ਵਵਿਆਪੀ ਪਲੇਟਫਾਰਮ ਪ੍ਰਦਾਨ ਕਰ ਰਹੀਆਂ ਹਨ।ਸੈਸ਼ਨ ਦੀ ਪ੍ਰਧਾਨਗੀ ਕਰਦੇ ਹੋਏ, ਪ੍ਰੋ. ਸੁਖਦੇਵ ਸਿੰਘ ਮਿਨਹਾਸ ਨੇ ਕਿਹਾ ਕਿ ਕਿਸਾਨ ਬਹਿਸ ਸਮਾਜਿਕ-ਆਰਥਿਕ ਢਾਂਚੇ ਦੀ ਇੱਕ ਆਲੋਚਨਾਤਮਕ ਜਾਂਚ ਹੈ। ਵਿਸ਼ੇਸ਼ ਮਹਿਮਾਨ ਡਾ. ਸਮੀਰ ਮਹਾਜਨ ਅਤੇ ਪ੍ਰੋ. ਅਮਨਦੀਪ ਸਿੰਘ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਡਾ. ਵਿਸ਼ਾਲ ਭਾਰਦਵਾਜ, ਪ੍ਰੋ. ਮਨਜਿੰਦਰ ਸਿੰਘ, ਡਾ. ਸਪਨਾ ਸ਼ਰਮਾ, ਅਤੇ ਵੱਖ-ਵੱਖ ਵਿਭਾਗਾਂ ਦੇ ਫੈਕਲਟੀ, ਖੋਜਕਰਤਾ ਅਤੇ ਵਿਦਿਆਰਥੀ ਇਸ ਮੌਕੇ ਮੌਜੂਦ ਸਨ। ਡਾ. ਨੇਹਾ ਹੰਸ ਨੇ ਸਿੰਪੋਜ਼ੀਅਮ ਦੀ ਵਿਸਤ੍ਰਿਤ ਰਿਪੋਰਟ ਪੇਸ਼ ਕੀਤੀ। ਅੰਤ ਵਿੱਚ, ਪ੍ਰੋ. ਸੁਨੀਲ ਸ਼ਰਮਾ ਨੇ ਸਾਰੇ ਮਹਿਮਾਨਾਂ ਅਤੇ ਸਹਿਯੋਗੀ ਸੰਸਥਾਵਾਂ ਦਾ ਧੰਨਵਾਦ ਕੀਤਾ।

# ਫੋਰਟਿਸ ਹਸਪਤਾਲ ਮੁਹਾਲੀ ਨੂੰ ਬੰਬ ਰਾਹੀਂ ਨਿਸ਼ਾਨਾ ਬਣਾਉਣ ਵਾਲੀ ਈਮੇਲ ਨਿਕਲੀ ਅਫ਼ਵਾਹ

ਮੋਹਾਲੀ
ਸਾਂਝੀ ਸੋਚ ਬਿਊਰੋ

ਈਮੇਲ ਰਾਹੀਂ ਬੰਬ ਦੀ ਧਮਕੀ ਮਿਲਣ ਤੋਂ ਬਾਅਦ ਅੱਜ ਫੋਰਟਿਸ ਹਸਪਤਾਲ ਮੋਹਾਲੀ ਵਿਖੇ ਇੱਕ ਵਿਆਪਕ ਤਲਾਸ਼ੀ ਮੁਹਿੰਮ ਚਲਾਈ ਗਈ ਅਤੇ ਜਿਸ ਦੌਰਾਨ ਕੁਝ ਵੀ ਸ਼ੱਕੀ ਨਹੀਂ ਮਿਲਿਆ।ਇਹ ਜਾਣਕਾਰੀ ਸੁਪਰਡੈਂਟ ਆਫ਼ ਪੁਲਿਸ (ਐਸ.ਪੀ) ਸਿਟੀ ਮੋਹਾਲੀ ਦਿਲਪ੍ਰੀਤ ਸਿੰਘ ਨੇ ਪੁਸ਼ਟੀ ਕਰਦਿਆਂ ਦਿੱਤੀ ।ਜ਼ਿਕਰਯੋਗ ਹੈ ਕਿ ਇਹ ਧਮਕੀ ਇੱਕ ਸਕੂਲ ਦੀ ਅਧਕਾਰਤ ਈਮੇਲ ਆਈ.ਡੀ. ਤੋਂ ਲਗਭਗ 8 ਵਜੇ ਮਿਲੀ ਸੀ।ਐਸ.ਪੀ. ਸਿਟੀ ਦਿਲਪ੍ਰੀਤ ਸਿੰਘ ਨੇ ਦੱਸਿਆ ਕਿ ਧਮਕੀ ਵਾਲੀ ਈਮੇਲ ਵਿੱਚ ਫੋਰਟਿਸ ਹਸਪਤਾਲ ਮੋਹਾਲੀ ਨੂੰ ਨਿਸ਼ਾਨਾ ਬਣਾਉਣ ਦੇ ਇਰਾਦੇ ਦਾ ਜ਼ਿਕਰ ਕੀਤਾ ਗਿਆ ਸੀ। ਇਸ ਤੇ ਫੌਰੀ ਕਾਰਵਾਈ ਕਰਨ ਲਈ ਪੁਲਿਸ ਹੈੱਡਕੁਆਰਟਰ, ਰੇਂਜ ਦਫ਼ਤਰ ਅਤੇ ਮੋਹਾਲੀ ਪੁਲਿਸ ਦੀਆਂ ਐਂਟੀ ਸਾਬੋਟਾਜ ਟੀਮਾਂ, ਬੰਬ ਨਿਰੋਧਕ ਦਸਤਿਆਂ ਸਮੇਤ ਤੁਰੰਤ ਹਸਪਤਾਲ ਵਿੱਚ ਪਹੁੰਚ ਗਈਆਂ।ਕਿਉਂਕਿ ਧਮਕੀ ਸਕੂਲ ਦੇ ਈਮੇਲ ਆਈਡੀ ਰਾਹੀਂ ਆਈ ਸੀ, ਇਸ ਲਈ ਸਾਵਧਾਨੀ ਦੇ ਤੌਰ 'ਤੇ ਵਿਦਿਆਰਥੀਆਂ ਅਤੇ ਸਟਾਫ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਨੇੜੇ ਦੇ ਸਾਰੇ ਸਕੂਲਾਂ ਦੀ ਵੀ ਚੰਗੀ ਤਰ੍ਹਾਂ ਜਾਂਚ ਕੀਤੀ ਗਈ।ਐਸ.ਪੀ. ਨੇ ਪੁਸ਼ਟੀ ਕਰਦਿਆਂ ਕਿਹਾ ਕਿ ਸਾਰੀਆਂ ਸੰਭਾਵੀ ਥਾਵਾਂ ਦੀ ਵਿਆਪਕ ਜਾਂਚ ਤੋਂ ਬਾਅਦ ਕੋਈ ਵੀ ਸ਼ੱਕੀ ਪਦਾਰਥ ਜਾਂ ਵਸਤੂ ਨਹੀਂ ਮਿਲੀ । ਇਸ ਲਈ ਇਹ ਧਮਕੀ ਨਿਰਾ ਝੂਠਾ ਜਾਂ ਗੁਮਰਾਹਕੁੰਨ ਜਾਪਦੀ ਹੈ ਅਤੇ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ।ਐਸ.ਪੀ. ਦਿਲਪ੍ਰੀਤ ਸਿੰਘ ਨੇ ਕਿਹਾ ਕਿ ਉਕਤ ਈਮੇਲ ਆਈਡੀ ਦੇ ਅਸਲ ਸਰੋਤਾਂ ਦੀ ਸ਼ਨਾਖ਼ਤ ਲਈ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।ਇਸ ਦੌਰਾਨ, ਲੋਕਾਂ ਨੂੰ ਸ਼ਾਂਤ ਰਹਿਣ ਅਤੇ ਅਧਿਕਾਰੀਆਂ ਨਾਲ ਸਹਿਯੋਗ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨਾਗਰਿਕਾਂ ਨੂੰ ਬਿਨਾਂ ਕਿਸੇ ਦੇਰੀ ਤੋਂ ਕਿਸੇ ਵੀ ਸ਼ੱਕੀ ਗਤੀਵਿਧੀ ਦੀ



ਰਿਪੋਰਟ ਨਜ਼ਦੀਕੀ ਪੁਲਿਸ ਥਾਣੇ ਵਿਖੇ ਕਰਨ ਦੀ ਅਪੀਲ ਵੀ ਕੀਤੀ।

# RESIDENTIAL, COMMERCIAL AND SOLAR FARMS

**with Singhsloar High performance Bifacial Smart Panels**

## ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ

100% CUSTOMER SATISFACTION GUARANTEED

SINGH SOLAR



## ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

**ਸਿਰ.ਫ ਇਕ ਕਾਲ - ਵੱਡੀ ਬੱਚਤ**

# 510-706-1300

singhsolarusa@gmail.com

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

**SMARTWAY EXPRESS INC.**



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ
ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ **eBaba App** ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ **eBaba** ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also **eBaba** Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ
ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

**AUTO · HOME · TRUCK · BUSINESS · LIFE · MEDICAL**

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us




Capital DRUG TESTING

# CAPITAL DRUG TESTING

## Drug and Alcohol Test

## DOT / NON DOT


**PRE EMPLOYMENT - RANDOM**
**POST ACCIDENT - REASONABLE SUSPICION**

**Services: DOT Random Prog., FMCSA Clearinghouse, DOT Supervisor Training, SAP Classes Etc.**



**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



ਜਗਦੀਸ਼ ਸਿੰਘ ਚੋਹਕਾ
ਕੈਲਗਰੀ (ਕੈਨੇਡਾ)
91-92179-97445
001-403-285-4208
jagdishchohka@gmail.com

# 18-ਫਰਵਰੀ 39ਵੇਂ ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ਼ ਲੋਕਾਂ ਦਾ ਨਾਇਕ ਅਮਰ ਸ਼ਹੀਦ ਕਾਮ: ਚੰਨਣ ਸਿੰਘ ਧੂਤ, ਤੇ ਅਮਰ ਸ਼ਹੀਦ ਕਾ:ਹੁਕਮ ਚੰਦ ਗੁਲਸ਼ਨ ਨੂੰ ਸ਼ਰਧਾਂਜਲੀਆਂ!

ਮਨੁੱਖੀ ਸਮਾਜ ਅੰਦਰ ਵੱਡੀਆਂ ਤਬਦੀਲੀਆਂ ਦੇ ਵਾਹਕ ਬਣਨਾ, ਵਿਚਾਰਾਂ ਦੇ ਰਾਹੀ ਬਣਨ ਤੋਂ ਲੈ ਕੇ ਹਰ ਤਰ੍ਹਾਂ ਦੇ ਸੰਘਰਸ਼ਾਂ ਤੋਂ ਜਿਤ ਤਕ ਵਧਣ ਲਈ ਆਪਣੇ ਆਪ ਨੂੰ ਤਿਆਰ ਕਰਨ ਲਈ ਲਗਾਤਾਰ ਸੰਘਰਸ਼ਸ਼ੀਲ ਹੋਣਾ ਪੈਂਦਾ ਹੈ। ਸਮਾਜ ਅੰਦਰ ਭਵਿੱਖ ਦੇ ਵਾਰਸ ਬਣਨ ਲਈ ਖੁਦ ਨੂੰ ਕਈ ਵਾਰ ਤਿਲ-ਤਿਲ ਵੀ ਕਟਾਉਣਾ ਪੈਂਦਾ ਹੈ। ਇਤਫ਼ਾਕੀਆਂ ਇਕ ਵਿਦਿਆਰਥੀ ਬਣ ਕੇ ਦੇਸ਼ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਣਾ ਅਤੇ ਉਨ੍ਹਾਂ ਦੇ ਹੱਲ ਲਈ ਭਵਿੱਖੀ ਯੋਜਨਾ ਤੈਅ ਕਰਕੇ ਉਨ੍ਹਾਂ ਨੂੰ ਅਮਲ ਵਿੱਚ ਲਿਆਉਣ ਲਈ ਅੱਗ ਨਾਲ ਖੇਡਣਾ ਵੀ ਹੁੰਦਾ ਹੈ। ਹਰ ਤਰ੍ਹਾਂ ਦੀਆਂ ਰੋਕਾਂ ਨੂੰ ਪਾਰ ਕਰਕੇ ਸਮਾਜਕ ਪ੍ਰੀਵਰਤਨ ਲਈ ਇਕ ਰੌਸ਼ਨੀ ਨੂੰ ਵਿਕਸਿਤ ਵੀ ਕਰਨਾ ਹੁੰਦਾ ਹੈ। ਜਿਹੜੀ ਰੌਸ਼ਨੀ ਲੋਕਾਂ ਨੂੰ ਚਾਨਣ ਦੇ ਕੇ ਇਕ ਬਰਾਬਰਤਾ ਵਾਲੇ ਸਮਾਜ ਅੰਦਰ ਬਰਾਬਰ ਦਾ ਭਾਈਵਾਲ ਬਣਾਉਣ ਲਈ ਹੋਵੇ! ਉਸ ਸਮਾਜ ਦੀ ਕਾਇਮੀ ਜਿਥੇ ਲੋਕਾਈ ਦੀਆਂ ਹਰ ਤਰ੍ਹਾਂ ਦੀਆਂ ਸਮਾਜਿਕ ਦੁਸ਼ਵਾਰੀਆਂ, ਦੁੱਖ, ਜ਼ੁਰਮ ਅਤੇ ਝਗੜਿਆਂ ਦਾ ਖਾਤਮਾ ਹੋਵੇ? ਉੱਹ ਸਮਾਜ ਜਿਥੇ ਸਭ ਨੂੰ ਬਰਾਬਰਤਾ, ਸਤਿਕਾਰ, ਪਿਆਰ ਅਤੇ ਭਰਾਤਰੀ-ਭਾਵ ਮਿਲੇ। ਇਸ ਸਮਾਜ ਦੀ ਉੱਸਾਰੀ ਲਈ ''ਅਮਰ ਸ਼ਹੀਦ ਕਾਮ: ਚੰਨਣ ਸਿੰਘ ਧੂਤ ਅਤੇ ਉਨ੍ਹਾਂ ਦੇ ਸਾਥੀ ਪੰਡਤ ਹੁਕਮ ਚੰਦ ਗੁਲਸ਼ਨ ਜੀਂ ਸਾਰੀ ਜ਼ਿੰਦਗੀ ਜੂਝਦੇ ਰਹੇ ਸਨ 'ਤੇ ਉਸ ਸਮਾਜ ਲਈ ਅੱਗੇ ਵੱਧਣ ਲਈ ਕੁਰਬਾਨੀ ਦੇ ਅਗਨੀ ਦਰਿਆ ਨੂੰ ਪਾਰ ਕਰਨ ਲਈ ਵੀ ਲਾਮਬੰਦ ਹੋਏ। ਉਹ ਜੂਝਦੇ ਹੋਏ ਅਤੇ ਭਵਿੱਖ ਦੇ ਸਿਰਜਣਹਾਰੇ ਕਿਰਤੀਆਂ ਕਿਸਾਨਾਂ ਸੰਗ ਆਖਰੀ ਦਮਾਂ ਤਕ ਅੱਗੇ ਵੱਧਣ ਦਾ ਹੋਕਾ ਦੇ ਕੇ, 15-ਫਰਵਰੀ 1987 ਨੂੰ ਸਾਥੀ ਧੂਤ ਜੀ ਅਤੇ 20-ਫਰਵਰੀ ਨੂੰ ਸਾਥੀ ਗੁਲਸ਼ਨ ਜੀ ਦੇਸ਼ ਦੀ ਏਕਤਾ ਅਖੰਡਤਾ ਦੀ ਰਾਖੀ ਕਰਦੇ ਖਾਲਿਸਤਾਨੀ-ਦਹਿਸ਼ਤਗਰਦਾਂ ਦੇ ਕਮੀਨੇ-ਬੁਜ਼ਦਿਲੇ ਮਨਸੂਬਿਆਂ ਹੱਥੋ ਸ਼ਹੀਦ ਹੋ ਕੇ ਅਮਰ ਹੋ ਗਏ।

ਸਾਥੀ ਚੰਨਣ ਸਿੰਘ ਧੂਤ ਜੀ ਇਕ ਵਧੀਆ ਇਨਸਾਨ, ਜਿਸ ਨੇ ਦੇਸ਼ ਅੰਦਰ ਲੋਕਾਂ ਦੀਆਂ ਦੁਸ਼ਵਾਰੀਆਂ ਦੇ ਖਾਤਮੇ ਲਈ 53-ਵਰ੍ਹਿਆਂ ਤੋਂ ਵੱਧ ਇਕ ਰਾਜਸੀ ਕਾਰਕੁਨ ਵਜੋਂ, 'ਉਹ ਵੀ ਇਕ ਕਮਿਊਨਿਸਟ ਵਜੋਂ? 'ਸਾਰੀ ਜ਼ਿੰਦਗੀ ਸੰਘਰਸ਼ਾਂ ਵਾਲਾ ਜੀਵਨ, ਬੇ-ਲਾਗ ਜੀਵਿਆ ਹੋਵੇ, ਉੱਹ ਕੋਈ ਸਾਧਾਰਨ ਜੀਵਨ ਨਹੀਂ ਹੁੰਦਾ ਹੈ। ਉੱਹਨਾ ਨੇ ਵਿਦਿਆਰਥੀ ਜੀਵਨ ਤੋਂ ਹੀ ਦੇਸ਼ ਦੀ ਆਜ਼ਾਦੀ ਲਈ ਕੌਮੀ ਮੁਕਤੀ ਅੰਦਲੋਨਾਂ ਵਿੱਚ ਸ਼ੁਰੂਆਤ ਕਰਕੇ, 'ਪਹਿਲਾ ਸ਼ੁਰੂਆਤ ਬਰਤਾਨਵੀ ਬਸਤੀਵਾਦੀ ਸਾਮਰਾਜ ਵਿਰੁੱਧ, ਫਿਰ ਕਪੂਰਥਲਾ ਰਾਜਾਸ਼ਾਹੀ ਦੇ ਲੋਕ ਵਿਰੋਧੀ ਕੁਕਰਮਾਂ ਅਤੇ ਆਜ਼ਾਦੀ ਬਾਦ ਆਰਥਿਕ ਅਸਮਾਨਤਾਂ ਵਿਰੁੱਧ ਸਤਾ 'ਤੇ ਕਾਬਜ਼ ਲੋਕ ਵਿਰੋਧੀ ਪੂੰਜੀਪਤੀਆਂ ਪੱਖੀ ਹਾਕਮਾਂ ਵਿਰੁੱਧ ਬੜੀ ਬੇ-ਕਿਰਕੀ ਨਾਲ ਆਵਾਜ਼ ਉਠਾਈ। ਲੋਕਾਂ ਨੂੰ ਇਕ ਮੁਠ ਕਰਨ ਲਈ ਉਹੱਨਾ ਨੇ ਅਥਾਹ ਸੰਘਰਸ਼ ਕੀਤੇ। ਜਦੋਂ ਦੇਸ਼ ਦੀ ਏਕਤਾ-ਅਖੰਡਤਾ ਵਿਰੁੱਧ ਸਾਮਰਾਜੀ ਸੋਚ ਰੱਖਣ ਵਾਲੇ ਅਨਸਰਾਂ ਤੋਂ ਖਤਰਾ ਪੈਦਾ ਹੋਇਆ ਤਾਂ ਦੇਸ਼ ਅੰਦਰ ਫਿਰਕੂ ਏਕਤਾ ਨੂੰ ਕਾਇਮ ਰੱਖਣ ਲਈ ਉੱਹ ਅੱਗੇ ਆ ਕੇ ਲਾਸਾਨੀ ਸ਼ਹਾਦਤ ਦੇਣ ਤੋਂ ਵੀ ਕਾਮ: ਚੰਨਣ ਸਿੰਘ ਧੂਤ ਪਿਛੇ ਨਹੀਂ ਹੱਟਿਆ! ਆਜ਼ਾਦੀ! ਬਾਦ ਧੂਤ ਜੀ ਦੀਆਂ ਦੇਸ਼ ਤੇ ਲੋਕਾਂ ਲਈ ਸੇਵਾ ਪੱਖੋ ਕੀਤੀਆਂ ਸੇਵਾਵਾਂ ਉਸ ਨੂੰ ਰਾਜ-ਭਾਗ ਵਿੱਚ ਸ਼ਾਮਲ ਹੋਣ ਲਈ ਵੀ ਪਦਾਰਥਕ ਲਾਭ, ਸੁਖ ਆਰਾਮ ਅਤੇ ਰੁਤਬਿਆਂ ਜਿਹੇ ਲਾਲਚ ਵੀ ਝੁਕਾ ਨਹੀਂ ਸੱਕੇ। ਉਹ ਬਾਕੀ ਮੌਕਾ-ਪ੍ਰਸਤ ਬੁਰਜੂਆਂ ਸੋਚ ਵਾਲੀਆਂ ਪਾਰਟੀਆਂ ਦੇ ਆਗੂਆਂ ਵਾਂਗ, ਰਾਜ ਭਾਗ ਵਿੱਚ ਸ਼ਾਮਲ ਹੋ ਸਕਦੇ ਸਨ ਤੇ ਹਰ ਤਰ੍ਹਾਂ ਦਾ ਸੁਖ-ਆਰਾਮ ਵੀ ਪ੍ਰਾਪਤ ਕਰ ਸਕਦੇ ਸਨ। ਪਰ! ਉਹ ਕਿਹਾ ਕਰਦੇ ਸਨ, 'ਕਿ ਮੇਰਾ ਤਨ, ਮਨ ਅਤੇ ਜੀਵਨ-ਪੂੰਜੀ ਕਮਿਊਨਿਸਟ ਪਾਰਟੀ ਦੇ ਹਵਾਲੇ ਹੈ ? ਸਾਲ 1936 ਨੂੰ ਜਦੋਂ ਚੰਨਣ ਸਿੰਘ ਧੂਤ ਨੇ ਕਮਿਊਨਿਸਟ ਪਾਰਟੀ ਦਾ ਫਾਰਮ ਭਰਿਆ ਸੀ ਤਾਂ ਉਸ 'ਤੇ ਦਸਤਖਤ ਖੂਨ ਨਾਲ ਕਰਕੇ ਉਪਰੋਕਤ ਪ੍ਰਣ ਲਿਆ ਸੀ, ਜੋ ਉਸ ਨੇ ਆਪਣੀ ਸ਼ਹਾਦਤ ਤਕ ਨਿਭਾਇਆ ਤੇ ਕੌਲ ਪਕਾਇਆ।

ਚੰਨਣ ਸਿੰਘ ਧੂਤ 1912 ਨੂੰ ਪਿੰਡ ਧੂਤਕਲਾਂ (ਕਪੂਰਥਲਾ ਰਿਆਸਤ) ਹੁਣ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਮਾਤਾ ਮਾਨ ਕੌਰ ਅਤੇ ਪਿਤਾ ਬਸੰਤ ਸਿੰਘ ਦੇ ਘਰ ਪੈਦਾ ਹੋਏ। ਧੂਤ ਜੀ ਹੋਣਾਂ ਪ੍ਰਾਇਮਰੀ ਸਿਖਿਆ ਅੰਬਾਲਾ-ਜੱਟਾਂ, 8-ਵੀਂ ਭੂੰਗਾ ਅਤੇ 10-ਵੀਂ ਖਾਲਸਾ ਹਾਈ ਸਕੂਲ ਗੜ੍ਹਦੀਵਾਲਾ ਤੋਂ ਪਾਸ ਕੀਤੀ। ਇਨ੍ਹਾਂ ਦੇ ਪਿਤਾ ਪਨਾਮਾ ਦੇਸ਼ 'ਚ ਰੁਜ਼ਗਾਰ ਲਈ ਪ੍ਰਵਾਸ ਕਰ ਗਏ ਹੋਏ ਸਨ। ਚੰਨਣ ਸਿੰਘ ਨੂੰ ਪਹਿਲੀ ਕ੍ਰਾਂਤੀਕਾਰੀ ਗੁੜਤੀ ਘਰੋਂ ਹੀ (ਬਾਬਾ-ਚਾਚਾ) 'ਬਾਬਾ ਕਰਮ ਸਿੰਘ ਧੂਤੱ (ਗਦਰੀ ਅਤੇ ਬਾਦ 'ਚ ਪਰਜਾ ਮੰਡਲ ਲਹਿਰ ਦੇ ਆਗੂ) ਪਾਸੋਂ ਮਿਲੀ। ਅੱਗੋ ਖੱਬੇ ਪੱਖੀ ਚੇਤਨਾ ਦਾ ਜਾਗ ਵਿਦਿਆਰਥੀ ਜੀਵਨ ਦੌਰਾਨ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਪੜਦਿਆ ਪ੍ਰੋ: ਵਰਿਆਮ ਸਿੰਘ ਦੀ ਸੰਗਤ ਨੇ ਪ੍ਰਵਾਨ ਚੜ੍ਹਾਇਆ। ਖਾਲਸਾ ਕਾਲਜ ਅੰਮ੍ਰਿਤਸਰ ਜਿਹੜਾ ਉਸ ਵੇਲੇ ਸਿਆਸੀ ਸਰਗਾਮੀਆਂ ਦਾ ਕੇਂਦਰ ਸੀ, ਪੜ੍ਹਦਿਆਂ ਹੀ ਵਾਇਸਰਾਏ ਨੂੰ ਇਕ ਪੱਤਰ ਲਿਖ ਕੇ ਮੰਗ ਕੀਤੀ ਸੀ, "ਕਿ ਆਜ਼ਾਦੀ ਸਾਡਾ ਜਨਮ ਸਿੱਧ ਅਧਿਕਾਰ ਹੈ, ਆਜ਼ਾਦੀ ਮੰਗਣੀ ਕੋਈ ਗੁਨਾਹ ਨਹੀ ਹੈ"? ਕਿਉਂਕਿ ਉਨ੍ਹਾਂ ਦੇ ਬਾਬਾ-ਚਾਚਾ ਕਰਮ ਸਿੰਘ ਧੂਤ ਜੂਹ-ਬੰਦ ਸਨ।

ਇਸ ਪੱਤਰ ਤੋਂ ਹੀ ਧੂਤ ਦੀ ਪ੍ਰਤਿਭਾ ਅਤੇ ਧਾਰਨਾ ਬਾਰੇ ਦੂਰ-ਦਰਸ਼ੀ ਹੋਣ ਦਾ ਪਤਾ ਚਲਦਾ ਹੈ। ਕਾਲਜ ਦੀ ਪੜ੍ਹਾਈ ਛੱਡ ਕੇ ਕਪੂਰਥਲਾ ਰਾਜਾ ਦੇ ਕੁਕਰਮਾਂ ਵਿਰੁਧ, 'ਮਾ: ਹਰੀ ਸਿੰਘ ਧੂਤ ਦੀ ਅਗਵਾਈ 'ਚ ਚਲ ਰਹੀ ਕੇਂਦਰੀ ਜਿਮੀਦਾਰਾ-ਲੀਗ ਜੋ ਰਜਵਾੜਾਸ਼ਾਹੀ ਦੀਆਂ ਵਧੀਕੀਆਂ, ਲੋਕਾਂ ਤੇ ਪਾਏ ਜਾਂਦੇ ਟੈਕਸਾਂ ਦੇ ਬੋਝ ਘਟਾਉਣ ਅਤੇ ਇਲਾਕੇ 'ਚ ਸੜਕਾਂ, ਸਕੂਲ ਅਤੇ ਹਸਪਤਾਲ ਖੋਲ੍ਹਣ ਲਈ ਸ਼ੁਰੂ ਕੀਤੀ ਹੋਈ ਲਹਿਰ ਸੀ। ਉਸ ਵਿੱਚ ਚੰਨਣ ਸਿੰਘ ਧੂਤ ਵੀ ਸ਼ਾਮਲ ਹੋ ਗਿਆ। ਇਸ ਰਾਜਸੀ ਸਰਗਰਮੀ ਨੂੰ ਸਿਆਸੀ ਤੌਰ 'ਤੇ ਉਨ੍ਹਾਂ ਨੂੰ "ਧੂਤ-ਗਰੁਪੱ ਵੱਜੋਂ ਮਾਨਤਾ ਪ੍ਰਾਪਤ ਹੋਈ ਅਤੇ ਸੰਘਰਸ਼ਾਂ ਦਾ ਸਦਕਾ ਹੀ ਵੱਡੀਆਂ ਜਿਤਾਂ ਪ੍ਰਾਪਤ ਵੀ ਕੀਤੀਆਂ। ਇਹ ਇਕ ਸਚਾਈ ਹੈ, 'ਕਿ ਚੰਨਣ ਸਿੰਘ ਧੂਤ ਨੇ ਇਕ ਜੰਗਜ਼ੂ ਕਮਿਊਨਿਸਟ ਵੱਜੋ ਪਹਿਲਾ ਰਜਵਾੜਾ ਸ਼ਾਹੀ ਵਿਰੁਧ, ਫਿਰ ਕੌਮੀ ਮੁਕਤੀ ਅੰਦੋਲਨਾਂ ਵੇਲੇ ਬਰਤਾਨਵੀ ਬਸਤੀਵਾਦੀ ਸਾਮਰਾਜੀ ਗੋਰੇ ਹਾਕਮਾਂ ਅਤੇ ਆਜ਼ਾਦੀ ਬਾਦ ਲੋਕਾਂ ਲਈ ਆਰਥਿਕ ਆਜ਼ਾਦੀ, ਸਮਾਜਕ ਸਹੂਲਤਾਂ ਤੇ ਸਮਾਜਕ ਪ੍ਰੀਵਰਤਨ ਲਈ ਸੰਘਰਸ਼ਾਂ ਦੌਰਾਨ ਕੁੱਲ ਮਿਲਾ ਕੇ 8-ਸਾਲ ਤੋਂ ਵੱਧ ਸਮਾਂ ਕੈਦਾਂ ਕੱਟੀਆਂ। ਉੱਸ ਸਮੇਂ ਜੇਲ੍ਹਾਂ ਅੰਦਰ ਨਰਕੀ ਜੀਵਨ, ਭੁੱਖ ਹੜਤਾਲ ਤੇ ਨਜ਼ਰ-ਬੰਦੀਆਂ ਇਸ ਸਪਸ਼ਟਵਾਦੀ ਮਾਰਕਸਵਾਦੀ ਨੂੰ ਝੁਕਾਅ ਨਹੀਂ ਸਕੀਆਂ। ਸਗੋਂ ਉੱਹ ਖੁੱਦ ਅਤੇ ਬਾਕੀ ਸਾਥੀਆਂ ਨਾਲ ਅਡੋਲਤਾ, ਦ੍ਰਿੜ ਇਰਾਦੇ ਅਤੇ ਪੂਰੇ ਸਬਰ ਨਾਲ ਆਪਣੇ ਨਿਸ਼ਾਨੇ ਲਈ ਲੜਦੇ ਰਹੇ। ਉਹ ਇਨ੍ਹਾਂ ਟੈਸਟਾਂ 'ਚ ਪਾਸ ਹੋ ਕੇ ਲੋਕਾਂ ਦੇ ਇਕ ਨਾਇਕ ਬਣ ਕੇ ਉਭਰੇ।

ਕਾਮ: ਚੰਨਣ ਸਿੰਘ ਧੂਤ ਦਾ ਜੀਵਨ ਇਕ ਮਿਸਾਲੀ ਜੀਵਨ ਸੀ। ਇਕ ਸੱਚੇ-ਸੁਚੇ ਕਮਿਊਨਿਸਟ ਵੱਜੋ, '1936 ਵੇਲੇ ਪਾਰਟੀ ਦਾ ਪ੍ਰਣ ਪੱਤਰ ਭਰਨ ਤੋਂ ਲੈ ਕੇ ਆਪਣੀ ਸ਼ਹਾਦਤ ਵਾਲੇ ਦਿਨ 15-ਫਰਵਰੀ, 1987 ਤੱਕ, 'ਉਸ ਨੇ ਪੰਜਾਬ ਦੀ ਧਰਤੀ 'ਤੇ ਇਨਸਾਫ ਲਈ ਅਨਿਆਏ ਵਿਰੁਧ ਉਠੇ ਹਰ ਲੋਕ ਸੰਘਰਸ਼ਾਂ ਦੀ ਸਫਲਤਾ ਲਈ, ਅੱਗੇ ਵੱਧ ਕੇ, ਸੰਗਠਤ ਹੋ ਕੇ, ਮੋਹਰਲੀਆਂ ਕਤਾਰਾਂ 'ਚ ਖੜ੍ਹ ਕੇ ਹਿੱਸਾ ਲਿਆ। ਰਾਜਵਾੜਾ-ਸ਼ਾਹੀ ਦੀਆਂ ਵਧੀਕੀਆਂ ਵਿਰੁੱਧ, ਕਿਸਾਨੀ ਮੋਰਚੇ, ਲਾਹੌਰ ਕਿਸਾਨ ਮੋਰਚਾ, ਬੀਤ ਦੇ ਮੁਜਾਰਿਆਂ ਦਾ ਅੰਦੋਲਨ, ਬੈਟਰਮੈਂਟ ਲੇਵੀ ਵਿਰੁੱਧ, ਬਸ ਕਿਰਾਇਆ ਅੰਦੋਲਨ, ਪਾਰਟੀ ਦੇ ਅੰਦੋਲਨਾ ਅਤੇ ਇਲਾਕੇ ਦੇ ਸਥਾਨਕ ਮਸਲਿਆਂ ਦੇ ਹੱਲ ਲਈ ਲੋਕਾਂ ਦਾ ਨਾਇਕ 'ਧੂਤੱ ਪੂਰੇ ਜੁਝਾਰੂਪਣ ਨਾਲ ਸ਼ਾਮਲ ਹੁੰਦਾ ਰਿਹਾ। ਇਸੇ ਕਾਰਨ ਹੀ ਜਦੋਂ ਉਹ "ਯੋਹਲ ਕੈਂਪ" 'ਚ ਰਾਜਸੀ ਕੈਦ ਵਿੱਚ ਸੀ ਤਾਂ ਆਜ਼ਾਦ ਭਾਰਤ ਦੀਆਂ ਪਹਿਲੀਆਂ ਚੋਣਾਂ ਵੇਲੇ ਪੰਜਾਬ ਅਸੈਂਬਲੀ 'ਚ 1952 ਨੂੰ ਹਲਕਾ ਟਾਂਡਾ ਦੇ ਲੋਕਾਂ ਨੇ ਉੱਸ ਨੂੰ ਕਮਿਊਨਿਸਟ ਪਾਰਟੀ ਦੇ ਉਮੀਦਵਾਰ ਵਜੋਂ ਚੁਣ ਕੇ ਆਪਣਾ ਨੁਮਾਂਇੰਦਾ ਭੇਜਿਆ ਸੀ। ਉੱਹ ਇਕ ਵਧੀਆ ਪਾਰਲੀਮੈਂਟੇਰੀਅਨ ਅਤੇ ਆਮ ਲੋਕਾਂ ਦੇ ਮਸਲਿਆਂ ਨੂੰ ਉਭਾਰ ਕੇ ਅਸੈਂਬਲੀ ਅੰਦਰ ਲੋਕਾਂ ਦਾ ਪੱਖ ਠੋਕ ਵਜਾ ਕੇ ਰੱਖਣ ਵਾਲਾ ਕਮਿਊਨਿਸਟ ਬੁਲਾਰਾ ਸੀ। ਧੂਤ ਜੀ, ਅਸੰਬਲੀ ਅੰਦਰ ਇਕ ਮੈਂਬਰ ਵੱਜੋਂ 5-ਸਾਲਾਂ ਦੇ ਇਸ ਕਾਰਜਕਾਲ ਦੌਰਾਨ ਉਠਾਏ ਮੱਸਲਿਆਂ, 'ਤੇ ਲੋਕਾਂ ਦੇ ਹਿਤਾਂ ਲਈ ਆਵਾਜ਼ ਉਠਾਉਣ ਕਾਰਨ ਅੱਜ ਵੀ ਪੰਜਾਬ ਅਸੈਂਬਲੀ ਦੇ ਰਿਕਾਰਡ ਬੋਲ ਰਹੇ ਹਨ। ਉਨ੍ਹਾਂ ਦੇ ਲੋਕ ਪੱਖੀ ਇਹ ਬੋਲ ਅੱਜ ਵੀ ਅਸੈਂਬਲੀ 'ਚ ਗੂੰਜਦੇ ਸੁਣੇ ਜਾ ਸਕਦੇ ਹਨ। ਉਹ ਗੜ੍ਹਦੀਵਾਲਾ-ਟਾਂਡਾ ਇਲਾਕੇ ਦੇ ਮੱਸਲਿਆਂ ਦੇ ਹਲ ਲਈ ਉਚੇਚਾ ਧਿਆਨ ਦਿੰਦੇ ਰਹੇ।

ਕਾਮ: ਚੰਨਣ ਸਿੰਘ ਧੂਤ ਇਕ ਪਿੰਡ ਤੋਂ ਲੈ ਕੇ ਕੌਮੀ ਤੇ ਕੌਮਾਂਤਰੀ ਪੱਧਰ ਤੱਕ ਦੇ ਮਸਲਿਆਂ 'ਤੇ ਮਾਰਕਸਵਾਦ ਨਾਲ ਲੈਸ ਹੋ ਕੇ, 'ਪਹਿਲਾ ਸੀ.ਪੀ.ਆਈ. ਅਤੇ ਫਿਰ 1964 ਵਿੱਚ ਸੀ.ਪੀ.ਆਈ. (ਐਮ) ਦੇ ਇਕ ਵਫ਼ਾਦਾਰ ਸਿਪਾਹੀ ਵੱਜੋਂ ਲੋਕਾਂ ਦੀਆਂ ਸਮੱਸਿਆਵਾਂ ਤੇ ਉਨ੍ਹਾਂ ਦੇ ਹਲ ਲਈ ਪੂਰੀ ਪਕੜ ਰੱਖਣ ਵਾਲੇ ਚਿੰਤਕ ਸਨ। ਉਹ ਪੂਰੀ ਬੌਧਿਕ ਤੇ ਸਿਧਾਂਤਕ ਸਮੱਰਥਾ ਨਾਲ ਪਾਰਟੀ ਅੰਦਰ ਆਪਣੀ ਰਾਏ ਰੱਖਦੇ ਸਨ। ਇਹੀ ਕਾਰਨ ਹੈ, 'ਕਿ ਉੱਹ ਲੰਬਾ ਸਮਾਂ ਜ਼ਿਲ੍ਹਾ ਹੁਸ਼ਿਆਰਪੁਰ ਪਾਰਟੀ ਦਾ ਸਕੱਤਰ ਅਤੇ ਸ਼ਹੀਦੀ ਸਮੇਂ ਤਕ ਸੂਬਾ ਕਮੇਟੀ ਮੈਂਬਰ ਸੀ। ਮਾਰਕਸਵਾਦੀ ਸਿਧਾਂਤ ਬਾਰੇ ਮਜ਼ਬੂਤ ਪਕੜ ਕਾਰਨ ਉੱਹ ਪਾਰਟੀ ਅੰਦਰ ਹਰ ਤਰ੍ਹਾਂ ਦੇ ਕੁਰਾਹਿਆ ਵਿਰੁੱਧ ਬੇ-ਕਿਰਕੀ ਨਾਲ ਲੜਨ ਤੋਂ ਕਦੀ ਵੀ ਗੁਰੇਜ ਨਹੀਂ ਕਰਦੇ ਸਨ। ਪੰਜਾਬ ਅੰਦਰ ਪਣਪੇ ਸਾਮਰਾਜੀ-ਦਹਿਸ਼ਤਗਰਦੀ ਲਹਿਰ ਤੇ ਇਸ ਪਿਛੇ ਕੰਮ ਕਰਦੀਆਂ ਸ਼ਕਤੀਆਂ ਨੂੰ ਸਮਝਣ ਅਤੇ ਇਨ੍ਹਾਂ ਵਿਰੁੱਧ ਵਿਚਾਰ-ਧਾਰਕ ਅਤੇ ਜੱਥੇਬੰਦਕ ਢੰਗ ਨਾਲ ਝੰਡਾ ਚੁੱਕਣ ਲਈ ਪਾਰਟੀ ਦੀਆਂ ਮੂਹਰਲੀਆਂ ਕਤਾਰਾਂ 'ਚ ਸ਼ਾਮਲ ਰਹੇ। 'ਖਾਲਿਸਤਾਨੀ ਦਹਿਸ਼ਤਗਰਦਾਂ ਨੇ ਜਦੋਂ ਉਹ 15 ਫਰਵਰੀ, 1987 ਨੂੰ ਜਲੰਧਰ ਵਿਖੇ ਹੋਈ ਸਰਬ ਪਾਰਟੀ ਫਿਰਕੂ ਏਕਤਾ ਕਨਵੈਨਸ਼ਨ 'ਚ ਭਾਗ ਲੈ ਕੇ ਆਪਣੇ ਸਾਥੀਆਂ ਸੰਤੋਖ ਸਿੰਘ ਧੂਤ ਅਤੇ ਰਜਿੰਦਰ ਕੌਰ ਚੋਹਕਾ ਨਾਲ ਵਾਪਸ ਪਰਤ ਰਹੇ ਸੀ ਤਾਂ ਪਿੰਡ ਦੇ ਬੱਸ ਅੱਡੇ ਦੇ ਲਾਗੇ ਲੁੱਕੇ ਦਹਿਸ਼ਤ-ਗਰਦਾ ਦੀ ਗੋਲੀ ਦਾ ਨਿਸ਼ਾਨਾ ਬਣ ਗਏ ਤੇ ਆਪਣਾ ਕੌਲ ਪੂਰਾ ਕਰਕੇ ਅਮਰ ਸ਼ਹੀਦ ਹੋ ਗਏ! ਗੜ੍ਹਦੀਵਾਲਾ ਇਲਾਕੇ ਦੇ ਪਿੰਡ ਧੂਤ ਕਲਾਂ, ਦੀ ਧਰਤੀ ਤੇ ਜਨਮ ਲੈਣ ਵਾਲੇ ਬਾਬਾ ਕਰਮ ਸਿੰਘ ਧੂਤ, ਮਾ: ਹਰੀ ਸਿੰਘ ਧੂਤ, ਕਾਮ: ਨੈਣਾ ਸਿੰਘ ਧੂਤ, ਸਰਵ ਸਾਥੀ ਸੰਤੋਖ ਸਿੰਘ, ਮਾ: ਜਸਵੰਤ ਸਿੰਘ ਧੂਤ, ਸਵਰਨ ਸਿੰਘ ਕਿਰਤੀ, ਜਵਾਲਾ ਸਿੰਘ, ਜ:ਉਧਮ ਸਿੰਘ, ਕਾਮ: ਪ੍ਰਤਾਪ ਚੰਦ, ਰਾਵਲ ਸਿੰਘ ਉਲਟ ਆਦਿ 74 ਤੋਂ ਵੱਧ ਦੇਸ਼ ਭਗਤਾਂ ਨੇ ਦੇਸ਼ ਲਈ ਕੁਰਬਾਨੀਆਂ ਕੀਤੀਆਂ ਅਤੇ ਇਕ ਇਤਿਹਾਸ ਸਿਰਜਿਆ ਸੀ। ਧੂਤਾਂ ਪਿੰਡ 'ਲਾਲ-ਪਿੰਡੱ (ਮਾਸਕੋ) ਵੱਜੋਂ ਸਦਾ ਲਈ ਯਾਦ ਕੀਤਾ ਜਾਂਦਾ ਰਹੇਗਾ।

ਸਾਥੀ ਧੂਤ ਜੀ ਦੇ ਸਹਿ-ਸਾਥੀ ਦੇਸ਼ ਭਗਤ ਅਤੇ ਕਮਿਊਨਿਸਟ ਆਗੂ ਪੰ: ਹੁਕਮ ਚੰਦ ਗੁਲਸ਼ਨ ਜੀ ਪਿੰਡ ਬਾਹਲਾ (ਨਜ਼ਦੀਕ ਗੜ੍ਹਦੀਵਾਲਾ) ਜੋ ਅਮਰ ਸ਼ਹੀਦ ਕਾਮ: ਧੂਤ ਜੀ ਦੀ ਬਰਸੀ ਲਈ ਇਲਾਕੇ ਅੰਦਰ ਪ੍ਰਚਾਰ ਕਰ ਰਹੇ ਸਨ। 20-ਫਰਵਰੀ,1987 ਨੂੰ ਜਦੋਂ ਉਹ ਆਪਣੇ ਪਿੰਡ ਨੂੰ ਵਾਪਸ ਆ ਰਹੇ ਸਨ ਤਾਂ ਘਾਤ ਲਾਈ ਖਾਲੀਸਤਾਨੀ ਦਹਿਸ਼ਤਗਰਦਾਂ ਨੇ ਉਹਨਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਸੀ। ਸਾਥੀ ਗੁਲਸ਼ਨ ਇਕ ਪਰੌੜ੍ਹ ਮਾਰਕਸਵਾਦੀ ਆਗੂ ਸਨ। ਪਹਿਲਾ ਕਾਂਗਰਸ ਪਾਰਟੀ ਅੰਦਰ ਫਿਰ ਕਮਿਊਨਿਸਟ ਲਹਿਰਾਂ ਅੰਦਰ ਦੇਸ਼ ਦੀ ਆਜ਼ਾਦੀ ਅਤੇ ਬਾਦ ਵਿੱਚ ਸੀ.ਪੀ.ਆਈ (ਐਮ) ਪਾਰਟੀ ਦੇ ਆਗੂ ਵਜੋਂ ਦੇਸ਼ ਅੰਦਰ ਸਮਾਜਕ ਪ੍ਰੀਵਰਨ ਲਈ 8-ਸਾਲਾਂ ਤੋਂ ਵੱਧ ਸਮਾਂ ਜ਼ੇਲ੍ਹਾਂ, ਦਰਬੰਦੀਆਂ ਅਤੇ ਜੂਹ-ਬੰਦ ਕੈਦਾ ਕੱਟੀਆ। ਸਾਥੀ ਗੁਲਸ਼ਨ ਜੀ ਸ਼ਹੀਦੀ ਦਿਨ ਤਕ ਜੁਝਾਰੂ ਮਾਰਕਸਵਾਦੀ ਆਗੂ ਵਜੋਂ ਸਰਗਰਮ ਸਨ ਤੇ 20-ਫਰਵਰੀ,1987 ਨੂੰ ਉਹ ਅਮਰ ਸ਼ਹੀਦ ਹੋ ਗਏ।

ਇਨ੍ਹਾਂ ਦੋਨਾਂ ਦੇਸ਼ ਭਗਤ ਆਗੂਆਂ ਦੀ ਯਾਦ ਅੰਦਰ 18-ਫਰਵਰੀ, 2026 ਨੂੰ ਪਿੰਡ ਧੂਤਾਂ ਕਲਾਂ (ਹੁਸ਼ਿਆਰਪੁਰ) ਵਿਖੇ ਸ਼ਰਧਾਂਜਲੀ ਸਮਾਗਮ ਕਰਕੇ ਯਾਦ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀ 39-ਵੀਂ ਬਰਸੀ ਦੇ ਸ਼ੋਕ-ਸਮਾਗਮ ਦੌਰਾਨ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਂਟ ਕਰਕੇ ਜਿਥੇ ਵਿਛੜੇ ਸਾਥੀਆਂ ਨੂੰ ਯਾਦ ਕੀਤਾ ਜਾਵੇਗਾ। ਉਥੇ ਦੇਸ਼ ਦੇ ਰਾਜਨੀਤਕ ਪਿੜ ਅੰਦਰ ਹਾਕਮ ਬੀਜੇਪੀ.-ਆਰ.ਐਸ.ਐਸ. ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ, ਸਾਮਰਾਜੀ ਅਮਰੀਕਾ ਦੇ ਦਬਾਅ ਅਧੀਨ ਦੇਸ਼ ਦੇ ਦਰ ਅਮਰੀਕਾ ਲਈ ਖੋਲ੍ਹ ਦਿੱਤੇ ਹਨ, ਨੂੰ ਨੰਗਾ ਕੀਤਾ ਜਾਵੇਗਾ। ਪਹਿਲਾਂ ਯੂਰਪੀ ਯੂਨੀਅਨ ਤੇ ਹੁਣ ਅਮਰੀਕਾ ਨੂੰ ਭਾਰਤੀ ਖੇਤੀ, ਪਸ਼ੂ, ਪਾਲਣ, ਟੈਕਸਟਾਈਲ, ਫਾਰਮੇਸੀ ਆਦਿ ਖੇਤਰਾਂ ਲਈ ਵਪਾਰ ਖੁਲ੍ਹਾਂ ਦੇ ਦਿਤੀਆ ਹਨ । ਇਸ ਤੋਂ ਪਹਿਲਾ ਦੇਸ਼ ਦੇ ਕਿਰਤੀ ਕਾਨੂੰਨਾ ਅਤੇ ਮਨਰੇਗਾ ਨੂੰ ਖਤਮ ਕਰ ਦਿਤਾ ਸੀ । ਬਿਲ-ਬੀਜ ਤੇ ਬਿਜਲੀ ਊਰਜਾ 'ਚ ਸੋਧਾਂ ਕਰਕੇ ਲੋਕ ਅਧਿਕਾਰਾ ਤੇ ਹਮਲੇ ਸੇਧ ਦਿਤੇ ਹਨ । ਆਗੂਆਂ ਵੱਲੋਂ ਆਦਿ ਮੁਦਿਆ ਤੇ ਵਿਚਾਰਾਂ ਕੀਤਾ ਜਾਣਗੀਆ। ਅੱਜ ਦੇਸ਼ ਦੀ ਆਰਥਿਕ ਪ੍ਰਭੂਸਤਾ, ਸੰਵਿਧਾਨ ਅਤੇ ਸੰਵਿਧਾਨਕ ਸੰਸਥਾਵਾਂ ਨੂੰ ਯੋਜਨਾਬੱਧ ਢੰਗ ਨਾਲ ਬੋਡਾ ਕੀਤਾ ਜਾ ਰਿਹਾ ਹੈ। ਧਰਮ ਨਿਰਪੱਖਤਾ, ਜਮਹੂਰੀਅਤ ਅਤੇ ਲੋਕ ਆਜ਼ਾਦੀਆਂ ਖਤਰੇ ਵਿੱਚ ਹਨ। ਘੱਟ-ਗਿਣਤੀਆਂ, ਇਸਤਰੀਆਂ ਅਤੇ ਦੱਲਿਤ ਵਰਗ ਕੱਟੜਵਾਦੀ ਹਾਕਮਾਂ ਦੇ ਨੰਗੇ ਚਿੱਟੇ ਹਮਲਿਆ ਦਾ ਸ਼ਿਕਾਰ ਹੋ ਰਹੇ ਹਨ। ਆਰਥਿਕ ਸ਼ੋਸ਼ਣ ਵਿਰੁੱਧ ਤੇ ਲੋਕਾਂ ਦੇ ਮੱਸਲਿਆਂ ਦੇ ਹਲ ਲਈ ਸੰਘਰਸ਼ ਲਾਮਬੰਦ ਕਰਨ ਲਈ ਮੁੜ ਜਾਗਰੂਕ ਲਹਿਰਾਂ ਚਲਾਉਣ ਦੀ ਲੋੜ ਹੈ। ਇਹੀ ਸਾਡੀ ਸ਼ਹੀਦਾਂ ਨੂੰ ਯਾਦ ਕਰਕੇ ਇਸ ਦਿਨ ਤੇ ਆਹਿਦ ਲੈਣ ਦੀ ਲੋੜ ਹੈ ਅਤੇ ਸਾਡੀ ਸ਼ਰਧਾਂਜਲੀ ਵੀ ਹੋਵੇਗੀ!!!

# ਗੁਰਸ਼ਰਨ ਸਿੰਘ ਛੀਨਾ ਨੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੀ ਮੌਜੂਦਗੀ 'ਚ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਵਜੋਂ ਕਾਰਜਭਾਰ ਸੰਭਾਲਿਆ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਗੁਰਸ਼ਰਨ ਸਿੰਘ ਛੀਨਾ ਨੇ ਮੰਗਲਵਾਰ ਨੂੰ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਵਜੋਂ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੀ ਮੌਜੂਦਗੀ ਵਿੱਚ ਕਾਰਜਭਾਰ ਸੰਭਾਲਿਆ। ਇਸ ਮੌਕੇ ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਸੂਬੇ ਦੇ ਜਨਤਕ ਸਿਹਤ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਅਤੇ ਸਰਕਾਰ ਦੀ ਨਸ਼ਿਆਂ ਖ਼ਿਲਾਫ਼ ਜ਼ੀਰੋ ਟਾਲਰੈਂਸ ਨੀਤੀ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਕੰਮ ਕਰਨਗੇ।

ਛੀਨਾ, ਜੋ ਪਹਿਲਾਂ ਆਮ ਆਦਮੀ ਪਾਰਟੀ ਪੰਜਾਬ ਦੇ ਜੁਆਇੰਟ ਸਕੱਤਰ ਰਹੇ ਹਨ, ਰਾਜਾਸਾਂਸੀ ਹਲਕੇ ਵਿੱਚ ਇੱਕ ਪ੍ਰਮੁੱਖ ਜਨਤਕ ਚਿਹਰਾ ਮੰਨੇ ਜਾਂਦੇ ਹਨ ਅਤੇ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਆਪਣੀ ਸਰਗਰਮ ਭੂਮਿਕਾ ਲਈ ਜਾਣੇ ਜਾਂਦੇ ਹਨ।

ਡਾ. ਬਲਬੀਰ ਸਿੰਘ ਨੇ ਛੀਨਾ ਨੂੰ ਨਵੀਂ ਜ਼ਿੰਮੇਵਾਰੀ ਲਈ ਵਧਾਈ ਦਿੰਦਿਆਂ ਕਿਹਾ ਕਿ ਉਹ ਸਰਕਾਰੀ ਸਿਹਤ ਸੰਸਥਾਵਾਂ ਨੂੰ ਹੋਰ ਮਜ਼ਬੂਤ ਕਰਨ ਲਈ ਲਗਾਤਾਰ ਕੰਮ ਕਰਨਗੇ। ਉਨ੍ਹਾਂ ਨਵੇਂ ਚੇਅਰਮੈਨ ਨੂੰ ਅਪੀਲ ਕੀਤੀ ਕਿ ਨਸ਼ਾ ਵਿਰੋਧੀ ਮੁਹਿੰਮ ਦੌਰਾਨ ਦਿਖਾਈ ਗਈ ਊਰਜਾ ਅਤੇ ਵਚਨਬੱਧਤਾ ਨੂੰ ਪ੍ਰਸ਼ਾਸਨਿਕ ਕੰਮਾਂ ਵਿੱਚ ਵੀ ਜਾਰੀ ਰੱਖਣ ਅਤੇ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਸਰਕਾਰੀ ਸਿਹਤ ਯੋਜਨਾਵਾਂ ਦਾ ਲਾਭ ਜ਼ਮੀਨੀ ਪੱਧਰ ਤੱਕ ਸਮੇਂ ਸਿਰ ਪਹੁੰਚੇ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨਸ਼ਿਆਂ ਵਿਰੁੱਧ ਚਲ ਰਹੀ ਮੁਹਿੰਮ ਲੰਬੇ ਤੱਕ ਕਾਰਗਰ ਰਹਿਣ ਵਾਲੀ ਯੋਜਨਾ ਹੈ ਅਤੇ ਪੰਜਾਬ ਸਰਕਾਰ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਖ਼ਤਰੇ ਤੋਂ ਬਚਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ, ਜਦਕਿ ਵਿਰੋਧੀ ਪਾਰਟੀਆਂ ਚੋਣਾਂ ਦੇ ਹਿਸਾਬ-ਕਿਤਾਬ ਵਿੱਚ ਰੁੱਝੀਆਂ ਹੋਈਆਂ ਹਨ। ਮੁੱਖ ਮੰਤਰੀ ਸਿਹਤ ਯੋਜਨਾ ਦੀ ਪ੍ਰਗਤੀ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਮਰੀਜ਼ਾਂ ਨੂੰ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਦਾਖਲੇ ਤੋਂ ਲੈ ਕੇ ਛੁੱਟੀ ਤੱਕ ਨਗਦੀ ਰਹਿਤ ਇਲਾਜ ਦੀ ਸੁਵਿਧਾ ਮਿਲਦੀ ਹੈ। ਰਾਜ ਵਿੱਚ 23 ਹਸਪਤਾਲਾਂ ਵਿੱਚ ਗੰਭੀਰ ਦੇਖਭਾਲ ਇਕਾਈਆਂ ਸਥਾਪਿਤ ਕੀਤੀਆਂ ਗਈਆਂ ਹਨ, ਜਿਸ ਨਾਲ ਜੀਵਨ ਰੱਖਿਆ ਸੇਵਾਵਾਂ ਦੀ ਪਹੁੰਚ ਵਿੱਚ ਵੱਡਾ ਵਾਧਾ ਹੋਇਆ ਹੈ। ਇਸ ਮੌਕੇ ਵਿਧਾਇਕ ਬਟਾਲਾ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਦੇ ਚੇਅਰਮੈਨ ਡਾ. ਸਨੀ ਸਿੰਘ ਅਹਲੂਵਾਲੀਆ, ਐਮ ਡੀ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਅਮਿਤ ਤਲਵਾਰ, ਉਪ ਚੇਅਰਮੈਨ ਪੀਐਚਐਸਸੀ ਮਨਿੰਦਰਜੀਤ ਸਿੰਘ ਵਿਕੀ ਘਨੌਰ, ਸੋਨੀਆ ਮਾਨ ਅਤੇ ਹੋਰ ਅਧਿਕਾਰੀ ਤੇ ਆਗੂ ਵੀ ਮੌਜੂਦ ਸਨ।









RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


ਆਪਣੇ ਇਮੀਗਰੇਸ਼ਨ ਦੇ ਕਿਸੇ ਵੀ ਕੰਮ ਲਈ ਸਾਨੂੰ ਮਿਲੋ
HOPE
IMMIGRATION
Where Hope Meets
IMMIGRATION OPPORTUNITIES
USA SERVICES :
CITIZENSHIP
GREEN CARD & PETITION
AFFIDAVIT OF SUPPORT
WORK PERMIT RENEW
STUDENT VISA & TRANSFER
TOURIST VISAS
INDIAN SERVICES :
Passport
VISA
OCI CARD
RENUNCIATION
POWER OF ATTORNEY
LEGAL DOCUMENTS ATTESTATIONS
NOTARY SERVICES
WE CAN HELP YOU WORK AND SETTLE IN COUNTRIES WORLDWIDE ALSO
ਅਮਰੀਕਾ ਜਾਂ INDIA ਦੀ Immigration ਜਾਂ Legal Document Services ਲਈ HOPE IMMIGRATION ਕੋਲ ਆਓ
ਅਸੀਂ ਤਜਰਬੇਕਾਰ ਇਮੀਗਰੇਸ਼ਨ ਵਕੀਲਾਂ ਨਾਲ ਵੀ ਕੰਮ ਕਰਦੇ ਹਾਂ
ਅਤੇ ਲੋੜ ਪੈਣ ਤੇ ਉਹਨਾਂ ਦੀਆਂ ਸੇਵਾਵਾਂ ਵੀ ਤੁਹਾਨੂੰ ਦਵਾ ਸਕਦੇ ਹਾਂ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : (916) 518-0630
WEBSITE : www.hopeimmigration.net | Email : help@hopeimmigration.net
ਅਸੀਂ California State ਦੇ Bonded Immigration Consultant ਹਾਂ
ADDRESS : 2953 W CAPITOL AVE WEST SACRAMENTO, CA 95691
ਮੈਂ ਵਕੀਲ ਨਹੀਂ ਹਾਂ ਅਤੇ ਕੋਈ ਕਾਨੂੰਨੀ ਸੁਲਾਹ ਨਹੀਂ ਦੇ ਸਕਦਾ

WE HAVE THE CHEAPEST FARES TO INDIA

# LEGEND TRAVEL

arc accredited agency

CST # 207524-40

Special Fares To India From West-coast (us) On Air India Direct Flights



JATINDER SINGH




LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US

(510) 797-9010

USA OFFICE: 2450 PERALTA BLVD., STE 106-108, FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA

# ਮਨੁੱਖੀ ਸ਼ਖ਼ਸੀਅਤ ਉੱਪਰ ਮਨ ਦੇ ਵਲਵਲਿਆਂ ਦਾ ਪ੍ਰਭਾਵ




ਬਰਜਿੰਦਰ ਕੌਰ ਬਿਸਰਾਓ
99889-01324

ਵਲਵਲਾ ਸ਼ਬਦ ਆਪਣੇ ਆਪ ਵਿੱਚ ਸਿੱਧੇ ਤੌਰ ਤੇ ਸਿਰਫ਼ ਮਨ ਨਾਲ ਹੀ ਸਬੰਧ ਰੱਖਦਾ ਹੈ।ਅਸਲ ਵਿੱਚ ਮਨੋਵਿਗਿਆਨਕ ਦ੍ਰਿਸ਼ਟੀਕੋਣ ਜਾਂ ਫ਼ਲਸਫ਼ੇ ਦੇ ਅਧਾਰ ਤੇ ਦੇਖੀਏ ਤਾਂ ਵਲਵਲਾ ਜਿਸ ਨੂੰ ਭਾਵਨਾ ਵੀ ਕਿਹਾ ਜਾਂਦਾ ਹੈ ਜਾਂ ਫਿਰ ਕਈ ਲੋਕ ਜਜ਼ਬਾ ਵੀ ਕਹਿ ਦਿੰਦੇ ਹਨ ,ਜੋ ਹਰ ਮਨੁੱਖ ਦਾ ਅੰਤਰਮੁਖੀ ਅਤੇ ਸੁਚੇਤ ਅਨੁਭਵ ਹੁੰਦਾ ਹੈ ।ਇਹ ਮਨੁੱਖ ਦੁਆਰਾ ਜੀਵਨ ਵਿੱਚ ਵਿਚਰਦੇ ਹੋਏ ਮਾਨਸਿਕ ਤੌਰ ਤੇ ਵੱਖ ਵੱਖ ਅਨੁਭਵਾਂ ਅਨੁਸਾਰ ਬਦਲਦੀਆਂ ਮਾਨਸਿਕ ਸਥਿਤੀਆਂ ਦੇ ਭਾਵ ਹੁੰਦੇ ਹਨ। ਵਲਵਲੇ ਨੂੰ ਆਮ ਤੌਰ ਉੱਤੇ ਮੂਡ, ਸੁਭਾਅ, ਸ਼ਖ਼ਸੀਅਤ, ਮਿਜ਼ਾਜ ਅਤੇ ਪ੍ਰੇਰਨਾ ਨਾਲ਼ ਜੁੜਿਆ ਹੋਇਆ ਅਤੇ ਇੱਕ-ਦੂਜੇ ਉੱਤੇ ਅਸਰ ਪਾਉਂਦਾ ਸਮਝਿਆ ਜਾਂਦਾ ਹੈ। ਵਲਵਲਿਆਂ ਤੋਂ ਉਤਪੰਨ ਹੋਣ ਵਾਲੀਆਂ ਪ੍ਰੇਰਨਾਂ ਭਾਵੇਂ ਅਗਾਂਹ-ਵਧੂ ਹੋਣ ਜਾਂ ਪਿਛਾਂਹ-ਹਟੂ ਇਹਨਾਂ ਉਪਰ ਵਲਵਲਿਆਂ ਦਾ ਇੱਕ ਵੱਡਾ ਹੱਥ ਹੁੰਦਾ ਹੈ।

ਈਰਖਾ, ਅਕੇਵਾਂ, ਉਦਾਸੀ, ਖ਼ੁਸ਼ੀ, ਉਮੀਦ, ਗੁੱਸਾ, ਚਾਹਤ, ਚਿੰਤਾ, ਜਗਿਆਸਾ, ਚੜ੍ਹਦੀ ਕਲਾ, ਢਹਿੰਦੀ ਕਲਾ, ਡਰ, ਨਫ਼ਰਤ, ਨਿਰਾਸ਼ਾ, ਪਿਆਰ, ਬੇਪ੍ਰਵਾਹੀ, ਮੋਹ, ਰੋਮਾਂਸ, ਵਾਸਨਾ, ਸ਼ਰਮ, ਸ਼ੱਕ, ਸੋਗ, ਹੈਰਾਨੀ, ਬੇਵਸਾਹੀ, ਬੇਵਸੀ ਸਭ ਵਲਵਲੇ ਹੀ ਤਾਂ ਹਨ। ਮਨੁੱਖ ਜਿਹੋ ਜਿਹੇ ਹਾਲਾਤਾਂ ਵਿੱਚੋਂ ਗੁਜ਼ਰ ਰਿਹਾ ਹੁੰਦਾ ਹੈ,ਉਸ ਤਰ੍ਹਾਂ ਦੇ ਹੀ ਉਸ ਦੇ ਮਨ ਅੰਦਰ ਵਲਵਲੇ ਉਪਜਣ ਲੱਗਦੇ ਹਨ।ਹਰ ਵਿਅਕਤੀ ਦੀ ਬਹੁਤੀ ਉਮਰ ਵਲਵਲਿਆਂ ਦੇ ਅਧਾਰ ਤੇ ਹੀ ਹੀ ਚੱਲਦੀ ਹੈ।ਕਿਤੇ ਨਫ਼ਰਤਾਂ ਵਿੱਚੋਂ ਜੇ ਕਿਤੇ ਪਿਆਰ ਦਾ ਵਲਵਲਾ ਉੱਠ ਪਵੇ ਤਾਂ ਰਿਸ਼ਤਿਆਂ ਨੂੰ ਜੋੜ ਦਿੰਦਾ ਹੈ ਤੇ ਚੜਦੀ ਕਲਾ ਵੱਲ ਲੈ ਤੁਰਦਾ ਹੈ,ਜੇ ਕਿਤੇ ਨਫ਼ਰਤਾਂ ਵਿੱਚੋਂ ਈਰਖਾ ਦਾ ਵਲਵਲਾ ਉਪਜ ਪਵੇ ਤਾਂ ਇਹ ਬਰਬਾਦੀ ਦੇ ਰਾਹ ਖੋਲ੍ਹ ਦਿੰਦਾ ਹੈ।ਜ਼ਰੂਰੀ ਨਹੀਂ ਕਿ ਮਨੁੱਖ ਦੇ ਅੰਦਰ ਇਕੱਲੇਪਣ ਦੌਰਾਨ ਹੀ ਵਲਵਲੇ ਉਪਜਦੇ ਹਨ। ਕਈ ਵਾਰ ਭਾਰੀ ਇਕੱਠ ਵਿੱਚ ਵੀ ਇੱਕ ਵਿਅਕਤੀ ਉੱਪਰ ਹੀ ਪਿਆਰ, ਨਫ਼ਰਤ,ਗੁੱਸਾ ਜਾਂ ਕਿਸੇ ਹੋਰ ਤਰ੍ਹਾਂ ਦਾ ਵਲਵਲਾ ਉਪਜਦਾ ਹੀ ਰਹਿੰਦਾ ਹੈ। ਮਨੁੱਖ ਦੇ ਮਨ ਦੇ ਅੰਦਰਲੇ ਵਲਵਲੇ ਸਾਗਰਾਂ ਵਿੱਚ ਉੱਠਣ ਵਾਲੀਆਂ ਛੱਲਾਂ ਵਾਂਗ ਉਛਾਲੇ ਮਾਰਦੇ ਹਨ।ਵਲਵਲਾ ਪਲ ਵਿੱਚ ਮਨ ਅੰਦਰ ਉਪਜੇ ਵੇਗ ਨੂੰ ਉਚਾਈਆਂ ਤੇ ਲੈ ਜਾਂਦਾ ਹੈ ਤੇ ਅਗਲੇ ਹੀ ਪਲ ਉਹ ਸ਼ਾਂਤ ਸਮਤਲ ਖੜੋਤ ਵਿੱਚ ਆ ਜਾਂਦਾ ਹੈ। ਮਨ ਦੇ ਵਲਵਲਿਆਂ ਵਿੱਚ ਬਹੁਤ ਉਧੇੜ- ਬੁਣ ਚੱਲਦੀ ਰਹਿੰਦੀ ਹੈ। ਆਪਣੇ ਆਪ ਹੀ ਅੰਦਰੋਂ ਸਵਾਲ ਉਪਜਦੇ ਹਨ ਤੇ ਆਪਣੇ ਆਪ ਹੀ ਜਵਾਬ ਲੱਭੇ ਜਾਂਦੇ ਹਨ।ਇਸ ਤਰ੍ਹਾਂ ਅੰਤਰਮੁਖੀ ਸਵਾਲ ਜਵਾਬ ਦੇ ਸਿਲਸਿਲਿਆਂ ਤੋਂ ਕਈ ਵੱਡੀਆਂ ਵੱਡੀਆਂ ਸਮੱਸਿਆਵਾਂ ਦੇ ਹੱਲ ਵੀ ਲੱਭ ਪੈਂਦੇ ਹਨ,ਨਵੀਆਂ ਨਵੀਆਂ ਖੋਜਾਂ ਕੀਤੀਆਂ ਜਾਂਦੀਆਂ ਹਨ।

ਵਲਵਲਾ ਅਕਸਰ ਮਨੁੱਖ ਦੇ ਵਰਤਮਾਨ ਪਲ ਦੇ ਮੂਡ ਤੇ ਵੀ ਨਿਰਭਰ ਕਰਦਾ ਹੈ। ਮਿਸਾਲ ਦੇ ਤੌਰ ਤੇ ਲੜਾਈ ਝਗੜੇ ਜਾਂ ਜੋਸ਼ੀਲੀਆਂ ਗਤੀਵਿਧੀਆਂ ਦੇਖਣ ਤੋਂ ਕੁਝ ਚਿਰ ਬਾਅਦ ਤੱਕ ਬਹੁਤ ਹੀ ਨਿਮਰਤਾ ਜਾਂ ਮਿਠਾਸ ਵਾਲ਼ਾ ਵਲਵਲਾ ਉਪਜਣ ਓਨਾਂ ਹੀ ਅਸੰਭਵ ਹੁੰਦਾ ਹੈ ਜਿਵੇਂ ਦਹੀਂ ਨੂੰ ਬਿਨਾਂ ਰਿੜਕੇ ਮੱਖਣ ਕੱਢਣਾ ਅਸੰਭਵ ਹੁੰਦਾ ਹੈ।ਵਲਵਲਾ ਹਰ ਮਨੁੱਖ ਦੇ ਆਪਣੇ ਆਪਣੇ ਸੁਭਾਅ ਵਿੱਚੋਂ ਉਪਜਦਾ ਹੈ। ਸੜੀਅਲ ਅਤੇ ਖਿਝੂ ਸੁਭਾਅ ਦੇ ਲੋਕ ਅਕਸਰ ਉਹਨਾਂ ਦੁਆਲ਼ੇ ਹੱਸ ਖੇਡ ਰਹੇ ਲੋਕਾਂ ਨੂੰ ਦੇਖ ਕੇ ਘੱਟ ਹੀ ਖੁਸ਼ ਹੁੰਦੇ ਹਨ।ਬਹੁਤਾ ਕਰਕੇ ਤਾਂ ਉਹ ਲੋਕ ਹੋਰਾਂ ਨੂੰ ਹੱਸਦਿਆਂ ਨੂੰ ਦੇਖ ਕੇ ਅੰਦਰ ਹੀ ਅੰਦਰ ਖਿੱਝਦੇ ਸੜਦੇ ਰਹਿੰਦੇ ਹਨ। ਵਲਵਲਾ ਹਰ ਮਨੁੱਖ ਦੀ ਸ਼ਖ਼ਸੀਅਤ ਮੁਤਾਬਕ ਹੀ ਪੈਦਾ ਹੁੰਦਾ ਹੈ ਅਤੇ ਇਹ ਵਲਵਲੇ ਸ਼ਖ਼ਸ਼ੀਅਤਾਂ ਨੂੰ ਨਿਖਾਰਨ ਜਾਂ ਵਿਗਾੜਨ ਵਿੱਚ ਵੀ ਸਹਾਈ ਹੁੰਦੇ ਹਨ। ਚੜ੍ਹਦੀ ਕਲਾ ਵਿੱਚ ਰਹਿਣ ਵਾਲ਼ੀਆਂ ਸ਼ਖ਼ਸੀਅਤਾਂ ਵਿੱਚ ਹਮੇਸ਼ਾਂ ਚੜ੍ਹਦੀ ਕਲਾ ਦੇ ਭਾਵ ਹੀ ਉਪਜਦੇ ਹਨ ਜੋ ਉਹੋ ਜਿਹੀਆਂ ਸ਼ਖ਼ਸੀਅਤਾਂ ਨੂੰ ਦਿਨ ਬ ਦਿਨ ਨਿਖਾਰ ਕੇ ਹੋਰ ਚੜ੍ਹਦੀ ਕਲਾ ਵੱਲ ਲੈ ਜਾਂਦੇ ਹਨ। ਖੁਸ਼ ਮਿਜਾਜ਼ ਜਾਂ ਦੁਖੀ ਵਿਅਕਤੀਆਂ ਦੇ ਮਨਾਂ ਵਿੱਚ ਇੱਕੋ ਜਿਹੇ ਵਲਵਲੇ ਨਹੀਂ ਪੈਦਾ ਹੋ ਸਕਦੇ। ਹਰ ਮਨੁੱਖ ਦੇ ਵਲਵਲਿਆਂ ਤੋਂ ਪ੍ਰੇਰਨਾ ਪੈਦਾ ਹੁੰਦੀ ਹੈ। ਵਲਵਲੇ ਸਕਾਰਾਤਮਕ ਸੋਚ ਵਾਲੇ ਉਪਜ ਰਹੇ ਹਨ ਤਾਂ ਮਨੁੱਖ ਦੀ ਸ਼ਖ਼ਸੀਅਤ ਅਗਾਂਹਵਧੂ ਸੋਚ ਵਾਲੀ ਬਣ ਜਾਂਦੀ ਹੈ,ਜੇ ਉਹੀ ਵਲਵਲੇ ਨਾਕਾਰਾਤਮਕ ਅਤੇ ਢਹਿੰਦੀ ਕਲਾ ਵਾਲੇ ਹੋਣ ਤਾਂ ਉਹ ਉਸ ਨੂੰ ਨਿਰਾਸ਼ਤਾ ਦੇ ਡੂੰਘੇ ਖੂਹ ਵਿੱਚ ਉਤਾਰਦੇ ਹੋਏ ਇੱਕ ਦਿਨ ਡੋਬ ਕੇ ਰੱਖ ਦਿੰਦੇ ਹਨ। ਮਨੁੱਖ ਅਗਰ ਇੱਛਾ ਸ਼ਕਤੀ ਨੂੰ ਪ੍ਰਬਲ ਕਰਕੇ ਮਨ ਦੇ ਵਲਵਲਿਆਂ ਨੂੰ ਸ਼ਾਂਤ ਕਰਨਾ ਸਿੱਖ ਜਾਵੇ ਤਾਂ ਉਹ ਨਿਰਾਸ਼ਤਾ ਦੀਆਂ ਗਹਿਰਾਈਆਂ ਵਿੱਚ ਡੁੱਬਦੇ ਮਨ ਨੂੰ ਮੰਜ਼ਿਲਾਂ ਵੱਲ ਵਧਦੇ ਪੰਧਾਂ 'ਤੇ ਤੁਰਨਾ ਸਿਖਾ ਸਕਦਾ ਹੈ।








Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN 7 DAYS A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376


GHUMAN
LAW GROUP INC.
Ghuman Law Group
ਤੁਹਾਡੇ ਲਈ ਲੈ ਕੇ ਆਏ ਨੇ
AMERICA ਵਿੱਚ
BUSINESS ਕਰਨ ਦਾ ਸੁਨਿਹਰੀ ਮੌਕਾ !
ਜੇਕਰ ਤੁਸੀਂ Canada, England, Australia,
New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ
ਆਓ E-2 Investor Visa ਰਾਹੀਂ
ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ
PASSPORT
GHUMAN LAW GROUP
ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ
ਪੂਰੀ ਮਦਦ ਕਰੇਗਾ
ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ
ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ
2 ਸਾਲ ਦਾ Work Permit
Spouse ਨੂੰ ਮਿਲੇਗਾ Open Work Permit
ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ
ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ
MON - FRI, 9:00 AM - 3:00 PM
+1 (223) 300-0001 | www.ghumanlawgroup.org
2450 VENTURE OAKS WAY, STE 225 SACRAMENTO, CA


ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307


Pal Films
Production
All Your Photo/Videography &
Post Production needs Under One Roof
PF
RED PRO 5.0
RED
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com



SANJHI SOCH
ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ

# ਮਨੁੱਖੀ ਸਰੀਰ ਦੇ ਹਾਰਮੋਨ

ਹਾਰਮੋਨ ਜੀਵ ਰਸਾਇਣਿਕ ਸੰਦੇਸ਼ਵਾਹਕ ਹੁੰਦੇ ਹਨ ਜੋ ਮਨੁੱਖੀ ਸਰੀਰ ਦੀ ਲਗਭਗ ਹਰ ਜੈਵਿਕ ਪ੍ਰਕਿਰਿਆ ਨੂੰ ਨਿਯੰਤਰਿਤ ਕਰਦੇ ਹਨ। ਇਹ ਮੁੱਖ ਤੌਰ ‘ਤੇ ਐਂਡੋਕ੍ਰਾਈਨ ਗ੍ਰੰਥੀਆਂ ਦੁਆਰਾ ਪੈਦਾ ਕੀਤੇ ਜਾਂਦੇ ਹਨ ਅਤੇ ਖ਼ੂਨ ਰਾਹੀਂ ਸਰੀਰ ਦੇ ਨਿਰਧਾਰਤ ਅੰਗਾਂ ਤੱਕ ਪਹੁੰਚ ਕੇ ਵਿਕਾਸ, ਮੈਟਾਬੋਲਿਜ਼ਮ, ਪ੍ਰਜਨਨ, ਮਨੋਦਸ਼ਾ, ਰੋਗ-ਰੋਧਕਤਾ ਅਤੇ ਹੋਮਿਓਸਟੇਸਿਸ ਨੂੰ ਪ੍ਰਭਾਵਿਤ ਕਰਦੇ ਹਨ। ਗਰਭ ਅਵਸਥਾ ਤੋਂ ਬੁਢ਼ਾਪੇ ਤੱਕ, ਹਾਰਮੋਨਾਂ ਦਾ ਸੰਤੁਲਨ ਸਰੀਰ ਦੀ ਬਣਤਰ, ਮੁਰੰਮਤ ਅਤੇ ਸੁਚਾਰੂ ਕਾਰਗੁਜ਼ਾਰੀ ਦੀ ਸਮਰੱਥਾ ਨਿਰਧਾਰਤ ਕਰਦਾ ਹੈ। ਆਧੁਨਿਕ ਇਲਾਜ਼ ਪ੍ਰਣਾਲੀ ਦੇ ਵਿਗਿਆਨ ਨੇ ਐਂਡੋਕ੍ਰਾਈਨ ਸਿਹਤ ਨੂੰ ਸਮੁੱਚੀ ਤੰਦਰੁਸਤੀ ਦਾ ਕੇਂਦਰੀ ਸਤੰਭ ਮੰਨਿਆ ਹੈ, ਕਿਉਂਕਿ ਹਾਰਮੋਨਾਂ ਦੀ ਗੜਬੜ ਕਈ ਬਿਮਾਰੀਆਂ ਨਾਲ ਜੁੜੀ ਹੋਈ ਹੈ।

ਐਂਡੋਕ੍ਰਾਈਨ ਪ੍ਰਣਾਲੀ

ਐਂਡੋਕ੍ਰਾਈਨ ਪ੍ਰਣਾਲੀ ਗ੍ਰੰਥੀਆਂ ਦਾ ਇੱਕ ਜਾਲ ਹੈ ਜੋ ਹਾਰਮੋਨ ਸਿੱਧੇ ਖ਼ੂਨ ਵਿੱਚ ਛੱਡਦੀਆਂ ਹਨ।

ਮੁੱਖ ਐਂਡੋਕ੍ਰਾਈਨ ਗ੍ਰੰਥੀਆਂ:

ਹਾਇਪੋਥੈਲਾਮਸ- ਨਰਵ ਪ੍ਰਣਾਲੀ ਅਤੇ ਐਂਡੋਕ੍ਰਾਈਨ ਪ੍ਰਣਾਲੀ ਨੂੰ ਜੋੜਣ ਵਾਲਾ ਨਿਊਰੋਐਂਡੋਕ੍ਰਾਈਨ ਨਿਯੰਤਰਣ ਕੇਂਦਰ।

ਪੀਟੂਟਰੀ ਗ੍ਰੰਥੀ- ਮਾਸਟਰ ਗ੍ਰੰਥੀ ਜੋ ਹੋਰ ਗ੍ਰੰਥੀਆਂ ਨੂੰ ਨਿਯੰਤਰਿਤ ਕਰਦੀ ਹੈ।

ਥਾਇਰਾਇਡ ਗ੍ਰੰਥੀ- ਮੈਟਾਬੋਲਿਕ ਦਰ ਅਤੇ ਊਰਜਾ ਉਤਪਾਦਨ ਨੂੰ ਨਿਯੰਤਰਿਤ ਕਰਦੀ ਹੈ।

ਪੈਰਾਥਾਇਰਾਇਡ ਗ੍ਰੰਥੀਆਂ- ਕੈਲਸ਼ੀਅਮ ਸੰਤੁਲਨ ਨੂੰ ਸੰਭਾਲਦੀਆਂ ਹਨ।

ਐਡ੍ਰੀਨਲ ਗ੍ਰੰਥੀਆਂ- ਤਣਾਅ ਪ੍ਰਤੀਕਿਰਿਆ, ਰੱਤ ਦਾ ਦਬਾਅ ਅਤੇ ਮੈਟਾਬੋਲਿਜ਼ਮ ਨੂੰ ਸੰਭਾਲਦੀਆਂ ਹਨ।

ਪੈਂਕਰੀਆਸ- ਖ਼ੂਨ ਵਿੱਚ ਗਲੂਕੋਜ਼ ਦੀ ਮਾਤਰਾ ਨੂੰ ਨਿਯੰਤਰਿਤ ਕਰਦਾ ਹੈ।

ਗੋਨਾਡਸ (ਅੰਡਾਸ਼ਯ ਅਤੇ ਵ੍ਰਿਸ਼ਣ)- ਪ੍ਰਜਨਨ ਕਾਰਜਾਂ ਨੂੰ ਨਿਯੰਤਰਿਤ ਕਰਦੇ ਹਨ।

ਹਾਰਮੋਨ ਖਾਸ ਰਿਸੈਪਟਰਾਂ ਰਾਹੀਂ ਕੰਮ ਕਰਦੇ ਹਨ ਅਤੇ ਕੋਸ਼ਿਕਾਵਾਂ ਅੰਦਰ ਐਸੀਆਂ ਪ੍ਰਕਿਰਿਆਵਾਂ ਚਾਲੂ ਕਰਦੇ ਹਨ ਜੋ ਜੀਨ ਬਣਤਰ, ਐਨਜ਼ਾਈਮ ਗਤੀਵਿਧੀ ਜਾਂ ਕੋਸ਼ਿਕਾ ਝਿੱਲੀ ਦੇ ਕਾਰਜ ਨੂੰ ਬਦਲ ਦਿੰਦੀਆਂ ਹਨ। ਬਹੁਤ ਥੋੜ੍ਹੀ ਮਾਤਰਾ ਵੀ ਗਹਿਰਾ ਪ੍ਰਭਾਵ ਪਾ ਸਕਦੀ ਹੈ, ਇਸ ਲਈ ਸੁਚੁੱਕ ਨਿਯੰਤਰਣ ਬਹੁਤ ਜ਼ਰੂਰੀ ਹੈ।

ਹਾਰਮੋਨਾਂ ਦੀ ਵਰਗੀਕਰਨ

ਪੈਪਟਾਈਡ ਅਤੇ ਪ੍ਰੋਟੀਨ ਹਾਰਮੋਨ

ਇਹ ਐਮੀਨੋ ਐਸਿਡਾਂ ਤੋਂ ਬਣੇ ਹੁੰਦੇ ਹਨ ਅਤੇ ਕੋਸ਼ਿਕਾਵਾਂ ਦੀ ਸਤ੍ਹਾ ‘ਤੇ ਰਿਸੈਪਟਰਾਂ ਰਾਹੀਂ ਕੰਮ ਕਰਦੇ ਹਨ।

ਉਦਾਹਰਨ:

ਇੰਸੁਲਿਨ, ਗ੍ਰੋਥ ਹਾਰਮੋਨ, ਪ੍ਰੋਲੈਕਟਿਨ, ਆਕਸੀਟੋਸਿਨ

ਕਾਰਜ:

ਗਲੂਕੋਜ਼ ਮੈਟਾਬੋਲਿਜ਼ਮ ਦਾ ਨਿਯੰਤਰਣ,ਵਿਕਾਸ ਅਤੇ ਟਿਸ਼ੂ ਮੁਰੰਮਤ,ਦੁੱਧ ਸ੍ਰਾਵ ਅਤੇ ਮਾਤ੍ਰਤਵ ਵਰਤਾਅ,ਦ੍ਰਵ ਸੰਤੁਲਨ

ਸਟੀਰਾਇਡ ਹਾਰਮੋਨ।

ਇਹ ਕੋਲੇਸਟਰੋਲ ਤੋਂ ਬਣਦੇ ਹਨ ਅਤੇ ਕੋਸ਼ਿਕਾ ਝਿੱਲੀ ਪਾਰ ਕਰਕੇ ਜੀਨ ਬਣਤਰ ਨੂੰ ਪ੍ਰਭਾਵਿਤ ਕਰਦੇ ਹਨ।

ਉਦਾਹਰਨ:

ਕੋਰਟਿਸੋਲ, ਐਲਡੋਸਟੀਰੋਨ, ਈਸਟ੍ਰੋਜਨ, ਪ੍ਰੋਜੈਸਟ੍ਰੋਨ, ਟੈਸਟੋਸਟੇਰੋਨ

ਕਾਰਜ:

ਤਣਾਅ ਨਾਲ ਅਨੁਕੂਲਨ,ਲੂਣ ਅਤੇ ਪਾਣੀ ਦਾ ਸੰਤੁਲਨ,ਲਿੰਗੀ ਵਿਕਾਸ ਅਤੇ ਪ੍ਰਜਨਨ ਸਮਰੱਥਾ, ਸੋਜ਼ ਵਿਰੋਧੀ ਪ੍ਰਭਾਵ।

ਐਮੀਨ ਹਾਰਮੋਨ

ਇਹ ਇਕੱਲੇ ਐਮੀਨੋ ਐਸਿਡਾਂ (ਜਿਵੇਂ ਟਾਇਰੋਸੀਨ ਜਾਂ ਟ੍ਰਿਪਟੋਫੈਨ) ਤੋਂ ਬਣਦੇ ਹਨ।

ਉਦਾਹਰਨ:

ਥਾਇਰੋਕਸੀਨ (ਟੀ4), ਟ੍ਰਾਈਆਇਓਡੋਥਾਇਰੋਨਿਨ (ਟੀ3), ਐਡ੍ਰੇਨਲਿਨ, ਮੇਲਾਟੋਨਿਨ

ਕਾਰਜ:

ਮੈਟਾਬੋਲਿਕ ਦਰ ਦਾ ਨਿਯੰਤਰਣ,ਲੜੋ-ਜਾਂ-ਭੱਜੋ ਪ੍ਰਤੀਕਿਰਿਆ,ਨੀਂਦ-ਜਾਗਣ ਚੱਕਰ,ਮਨੋਦਸ਼ਾ ਅਤੇ ਚੌਕਸੀ

ਹਾਰਮੋਨਾਂ ਦੀ ਜੈਵਿਕ ਮਹੱਤਤਾ

ਮੈਟਾਬੋਲਿਜ਼ਮ ਅਤੇ ਊਰਜਾ ਸੰਤੁਲਨ

ਥਾਇਰਾਇਡ ਹਾਰਮੋਨ ਬੇਸਲ ਮੈਟਾਬੋਲਿਕ ਦਰ, ਆਕਸੀਜ਼ਨ ਖਪਤ ਅਤੇ ਗਰਮੀ ਉਤਪਾਦਨ ਨੂੰ ਨਿਯੰਤਰਿਤ ਕਰਦੇ ਹਨ। ਇੰਸੁਲਿਨ ਅਤੇ ਗਲੂਕਾਗੋਨ ਖ਼ੂਨ ਵਿੱਚ ਗਲੂਕੋਜ਼ ਦਾ ਸੰਤੁਲਨ ਬਣਾਈ ਰੱਖਦੇ ਹਨ।

ਵਿਕਾਸ ਅਤੇ ਵਿਕਾਸੀ ਪ੍ਰਕਿਰਿਆ

ਗ੍ਰੋਥ ਹਾਰਮੋਨ, ਥਾਇਰਾਇਡ ਹਾਰਮੋਨ ਅਤੇ ਲਿੰਗੀ ਹਾਰਮੋਨ ਸਰੀਰਕ ਪਕਾਵਟ, ਹੱਡੀਆਂ ਦੇ ਵਿਕਾਸ ਅਤੇ ਕਿਸ਼ੋਰ ਅਵਸਥਾ ਨੂੰ ਨਿਯੰਤਰਿਤ ਕਰਦੇ ਹਨ।

ਪ੍ਰਜਨਨ

ਈਸਟ੍ਰੋਜਨ, ਪ੍ਰੋਜੈਸਟ੍ਰੋਨ, ਟੈਸਟੋਸਟੇਰੋਨ, ਗੈਮੀਟ ਬਣਤਰ, ਮਾਸਿਕ ਚੱਕਰ, ਗਰਭਧਾਰਣ ਅਤੇ ਦੂਜੇ ਲਿੰਗੀ ਲੱਛਣਾਂ ਨੂੰ ਨਿਯੰਤਰਿਤ ਕਰਦੇ ਹਨ।

ਤਣਾਅ ਅਤੇ ਅਨੁਕੂਲਨ

ਕੋਰਟਿਸੋਲ ਅਤੇ ਐਡ੍ਰੇਨਲਿਨ ਤਣਾਅ ਸਮੇਂ ਊਰਜਾ ਜਾਰੀ ਕਰਦੇ ਹਨ ਅਤੇ ਦਿਲ-ਰੱਤ ਪ੍ਰਣਾਲੀ ਨੂੰ ਸਥਿਰ ਰੱਖਦੇ ਹਨ।

ਹੋਮਿਓਸਟੇਸਿਸ,ਏ ਡੀ ਐਚ, ਐਲਡੋਸਟੀਰੋਨ ਅਤੇ ਪੈਰਾਥਾਇਰਾਇਡ ਹਾਰਮੋਨ ਪਾਣੀ ਸੰਤੁਲਨ,ਰੱਤ ਦਬਾਅ ਅਤੇ ਖਣਿਜ ਪੱਧਰ ਨੂੰ ਸੰਭਾਲਦੇ ਹਨ।

ਹਾਰਮੋਨਾਂ ਦੀ ਘਾਟ ਅਤੇ ਸੰਬੰਧਤ ਬਿਮਾਰੀਆਂ

ਥਾਇਰਾਇਡ ਘਾਟ- ਹਾਈਪੋਥਾਇਰਾਇਡਿਜ਼ਮ

ਥਕਾਵਟ, ਵਜ਼ਨ ਵੱਧਣਾ, ਠੰਢ ਅਸਹਿਣਸ਼ੀਲਤਾ, ਸੁੱਕੀ ਚਮੜੀ, ਵਾਲ ਝੜਨਾ, ਡਿਪ੍ਰੈਸ਼ਨ।

ਬੱਚਿਆਂ ਵਿੱਚ ਵਿਕਾਸ ਅਤੇ ਬੁੱਧੀ ‘ਤੇ ਅਸਰ

ਇੰਸੁਲਿਨ ਘਾਟ- ਟਾਈਪ 1 ਡਾਇਬਟੀਜ਼

ਖ਼ੂਨ ਵਿੱਚ ਸ਼ੱਕਰ ਵੱਧਣਾ, ਬਹੁਤ ਪਿਆਸ, ਵਾਰ-ਵਾਰ ਪੇਸ਼ਾਬ

ਕੀਟੋਐਸੀਡੋਸਿਸ ਦਾ ਖਤਰਾ

ਗ੍ਰੋਥ ਹਾਰਮੋਨ ਘਾਟ,ਬੱਚਿਆਂ ਵਿੱਚ ਵਾਧੇ ਦਾ ਰੁੱਕਣਾ,

ਵੱਡਿਆਂ ਵਿੱਚ ਮਾਸਪੇਸ਼ੀਆਂ ਘੱਟਣਾ, ਚਰਬੀ ਵੱਧਣਾ

ਕੋਰਟਿਸੋਲ ਘਾਟ- ਐਡੀਸਨ ਬਿਮਾਰੀ

ਕਮਜ਼ੋਰੀ, ਘੱਟ ਬਲੱਡ ਪ੍ਰੈਸ਼ਰ,ਚਮੜੀ ਦਾ ਕਾਲਾਪਣ

ਇਲੈਕਟ੍ਰੋਲਾਈਟ ਗੜਬੜ

ਲਿੰਗੀ ਹਾਰਮੋਨ ਘਾਟ

ਪੁਰਸ਼ਾਂ ਵਿੱਚ ਮਰਦਾਨਾ ਤਾਕਤ ਦਾ ਘੱਟਣਾ, ਬਾਂਝਪਨ

ਮਹਿਲਾਵਾਂ ਵਿੱਚ ਮਾਸਿਕ ਗੜਬੜ, ਹੱਡੀਆਂ ਦੀ ਕਮਜ਼ੋਰੀ

ਹਾਰਮੋਨਾਂ ਦੀ ਅਧਿਕਤਾ ਨਾਲ ਰੋਗ

ਹਾਈਪਰਥਾਇਰਾਇਡਿਜ਼ਮ- ਵਜ਼ਨ ਘਟਣਾ, ਚਿੰਤਾ

ਕੁਸ਼ਿੰਗ ਸਿੰਡਰੋਮ- ਵੱਧ ਕੋਰਟਿਸੋਲ, ਮੋਟਾਪਾ, ਹਾਈ ਬਲੱਡ ਪ੍ਰੈਸ਼ਰ

ਐਕ੍ਰੋਮੇਗੇਲੀ- ਵੱਧ ਗ੍ਰੋਥ ਹਾਰਮੋਨ ਨਾਲ ਹੱਡੀਆਂ ਵੱਡੀਆਂ

ਹਾਈਪਰਇੰਸੁਲਿਨਿਜ਼ਮ- ਖ਼ੂਨ ਵਿੱਚ ਸ਼ੱਕਰ ਘੱਟਣਾ

ਆਹਾਰ, ਜੀਵਨਸ਼ੈਲੀ ਅਤੇ ਹਾਰਮੋਨ ਸਿਹਤ

ਹਾਰਮੋਨ ਖੁਰਾਕ ਤੋਂ ਸਿੱਧੇ ਤੌਰ ‘ਤੇ ਪ੍ਰਾਪਤ ਨਹੀਂ ਹੁੰਦੇ ਕਿਉਂਕਿ ਪਚਨ ਦੌਰਾਨ ਟੁੱਟ ਜਾਂਦੇ ਹਨ, ਪਰ ਪੋਸ਼ਣ ਉਨ੍ਹਾਂ ਦੇ ਬਣਨ ਅਤੇ ਕੰਮ ‘ਤੇ ਗਹਿਰਾ ਪ੍ਰਭਾਵ ਪਾਂਦਾ ਹੈ।

ਹਾਰਮੋਨ ਬਣਤਰ ਲਈ ਜ਼ਰੂਰੀ ਪੋਸ਼ਕ ਤੱਤ

ਸਿਹਤਮੰਦ ਚਰਬੀਆਂ- ਸਟੀਰਾਇਡ ਹਾਰਮੋਨਾਂ ਲਈ

ਸਰੋਤ: ਸੁੱਕੇ ਫਲ, ਬੀਜ, ਜ਼ੈਤੂਨ ਤੇਲ, ਮੱਛੀ

ਉੱਚ ਗੁਣਵੱਤਾ ਪ੍ਰੋਟੀਨ- ਪੈਪਟਾਈਡ ਹਾਰਮੋਨਾਂ ਲਈ

ਸਰੋਤ: ਅੰਡੇ, ਦਾਲਾਂ, ਦੁੱਧ ਉਤਪਾਦ

ਆਈਓਡਿਨ ਅਤੇ ਸੈਲੇਨੀਅਮ- ਥਾਇਰਾਇਡ ਲਈ

ਸਰੋਤ: ਆਈਓਡਾਈਜ਼ਡ ਨਮਕ, ਸਮੁੰਦਰੀ ਭੋਜਨ

ਜ਼ਿੰਕ ਅਤੇ ਮੈਗਨੀਸ਼ੀਅਮ

ਸਰੋਤ: ਮੋਟਾ ਅਨਾਜ, ਕੱਦੂ ਦੇ ਬੀਜ, ਪਾਲਕ, ਦਾਲਾਂ

ਹਾਰਮੋਨ ਸੰਤੁਲਨ ਲਈ ਲਾਭਕਾਰੀ ਭੋਜਨ

ਰੇਸ਼ੇ ਵਾਲੇ ਭੋਜਨ- ਇੰਸੁਲਿਨ ਸੰਵੇਦਨਸ਼ੀਲਤਾ ਵਧਾਉਂਦੇ

ਸਬਜ਼ੀਆਂ (ਬ੍ਰੋਕਲੀ, ਬੰਦਗੋਭੀ, ਫੁੱਲਗੋਭੀ)- ਈਸਟ੍ਰੋਜਨ ਮੈਟਾਬੋਲਿਜ਼ਮ ਵਿੱਚ ਮਦਦ

ਫਰਮੈਂਟਡ ਭੋਜਨ- ਅੰਤੜੀਆ ਮਾਈਕ੍ਰੋਬਾਇਓਟਾ ਸੁਧਾਰਦੇ

ਜੀਵਨਸ਼ੈਲੀ ਦੇ ਪ੍ਰਭਾਵ

ਨੀਂਦ- ਮੇਲਾਟੋਨਿਨ ਅਤੇ ਹੋਰ ਹਾਰਮੋਨ ਸੰਤੁਲਨ ਲਈ ਜ਼ਰੂਰੀ ਹੈ।

ਕਸਰਤ- ਇੰਸੁਲਿਨ ਸੰਵੇਦਨਸ਼ੀਲਤਾ ਅਤੇ ਗ੍ਰੋਥ ਹਾਰਮੋਨ ਵਧਾਉਂਦਾ ਹੈ। ਤਣਾਅ ਪ੍ਰਬੰਧਨ- ਵੱਧ ਕੋਰਟਿਸੋਲ ਤੋਂ ਬਚਾਉਂਦਾ ਹੈ।

ਪ੍ਰਦੂਸ਼ਣ- ਰਸਾਇਣਿਕ ਪਦਾਰਥ ਹਾਰਮੋਨਾਂ ਦੀ ਨਕਲ ਜਾਂ ਰੁਕਾਵਟ ਪੈਦਾ ਕਰ ਸਕਦੇ ਹਨ।

ਜੀਵਨ ਦੇ ਵੱਖ-ਵੱਖ ਪੜਾਅ ਵਿੱਚ ਹਾਰਮੋਨ

ਬਚਪਨ- ਗ੍ਰੋਥ ਹਾਰਮੋਨ ਹਾਵੀ

ਕਿਸ਼ੋਰ ਅਵਸਥਾ- ਲਿੰਗੀ ਹਾਰਮੋਨਾਂ ਵਿੱਚ ਵਾਧਾ।

ਵਿਆਸਕ ਅਵਸਥਾ- ਪ੍ਰਜਨਨ ਸਥਿਰਤਾ।

ਬੁਢ਼ਾਪਾ- ਹਾਰਮੋਨਾਂ ਵਿੱਚ ਘਾਟ।

ਇਹ ਬਦਲਾਅ ਸਰੀਰਕ ਬਣਤਰ, ਦਿਮਾਗੀ ਕਾਰਜ, ਹੱਡੀ ਦੀ ਮਜ਼ਬੂਤੀ ਅਤੇ ਰੋਗ ਖਤਰੇ ਨੂੰ ਪ੍ਰਭਾਵਿਤ ਕਰਦੇ ਹਨ। ਹਾਰਮੋਨ ਸਰੀਰ ਵਿੱਚ ਸੰਚਾਰ ਦਾ ਇੱਕ ਜਟਿਲ ਜਾਲ ਬਣਾਉਂਦੇ ਹਨ ਜੋ ਜੀਵ ਵਿਗਿਆਨਕ ਸੰਤੁਲਨ ਨੂੰ ਬਣਾਈ ਰੱਖਦਾ ਹੈ। ਇਹ ਕੋਸ਼ਿਕਾਵਾਂ ਦੀ ਮੈਟਾਬੋਲਿਜ਼ਮ ਤੋਂ ਲੈ ਕੇ ਭਾਵਨਾਤਮਕ ਨਿਯੰਤਰਣ ਅਤੇ ਪ੍ਰਜਨਨ ਤੱਕ ਹਰ ਖੇਤਰ ‘ਤੇ ਪ੍ਰਭਾਵ ਪਾਂਦੇ ਹਨ। ਹਾਰਮੋਨਾਂ ਦੀ ਘਾਟ ਜਾਂ ਵਾਧਾ ਦੋਵੇਂ ਹੀ ਗੰਭੀਰ ਰੋਗ ਪੈਦਾ ਕਰ ਸਕਦੇ ਹਨ, ਇਸ ਲਈ ਸੰਤੁਲਨ ਬਹੁਤ ਜ਼ਰੂਰੀ ਹੈ। ਸਹੀ ਆਹਾਰ, ਕਸਰਤ, ਨੀਂਦ ਅਤੇ ਤਣਾਅ ਨਿਯੰਤਰਣ ਹਾਰਮੋਨਾਂ ਦੇ ਸੁਚਾਰੂ ਕੰਮ ਲਈ ਅਹਿਮ ਹਨ। ਅਸਲ ਵਿੱਚ, ਹਾਰਮੋਨ ਸਿਰਫ਼ ਰਸਾਇਣ ਨਹੀਂ- ਇਹ ਉਹ ਜੈਵਿਕ ਭਾਸ਼ਾ ਹਨ ਜਿਸ ਰਾਹੀਂ ਸਰੀਰ ਜੀਵਨ ਨੂੰ ਕਾਇਮ ਰੱਖਦਾ, ਬਦਲਾਅ ਨਾਲ ਅਨੁਕੂਲ ਹੁੰਦਾ ਅਤੇ ਸਿਹਤ ਨੂੰ ਬਣਾਈ ਰੱਖਦਾ ਹੈ।




JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD, SACRAMENTO, CA 95841 +1-917-915-4142
FREMONT, CA
3155 KEARNEY ST, SUITE #248, FREMONT, CA 94538 +1-510-657-6444
NEW YORK, NY
108-14 JAMAICA AVENUE, RICHMOND HILL, NY 11418 +1-718-533-8444
FRESNO, CA
1625 E SHAW AVE #122, FRESNO, CA 93711 +1-559-271-5511
NEW JERSEY, NJ
2060 OAK TREE ROAD #1, EDISON, NEW JERSEY, 08820 +1-732-453-6699
LOS ANGELES, CA
1013 N BEGONIA AVE, ONTARIO, CA 91762 +1-917-915-4142
CONTACT
+1-917-915-4142
Jaspreetsinghlaoffice@gmail.com

# ਲਹੂ ਭਿੱਜੇ ਗੁਲਾਬ

ਲਹੂ ਵਿਚ ਭਿੱਜੇ ਗੁਲਾਬ ਦਾ ਸੁਹਾਵਣਾ ਦ੍ਰਿਸ਼ ਬਹੁਤ ਸੁੰਦਰ ਹੁੰਦਾ ਹੈ। ਲਹੂ ਦੀਆਂ ਬੂੰਦਾਂ ਗੁਲਾਬ ਦੇ ਫੁੱਲਾਂ ਉੱਤੇ ਪੈਂਦੀਆਂ ਹਨ ਅਤੇ ਉਨ੍ਹਾਂ ਨੂੰ ਹੋਰ ਵੀ ਸੁੰਦਰ ਬਣਾ ਦਿੰਦੀਆਂ ਹਨ। ਗੁਲਾਬ ਦੇ ਫੁੱਲ ਲਹੂ ਦੀਆਂ ਬੂੰਦਾਂ ਨਾਲ ਭਿੱਜ ਕੇ ਆਪਣੀ ਖੁਸ਼ਬੂ ਫੈਲਾਉਂਦੇ ਹਨ ਅਤੇ ਆਸ-ਪਾਸ ਦਾ ਵਾਤਾਵਰਨ ਸੁਹਾਵਣਾ ਬਣਾ ਦਿੰਦੇ ਹਨ।ਲਹੂ ਵਿਚ ਭਿੱਜੇ ਗੁਲਾਬ ਨੂੰ ਦੇਖ ਕੇ ਮਨ ਖੁਸ਼ ਹੋ ਜਾਂਦਾ ਹੈ ਅਤੇ ਸਾਰੀ ਥੱਕਾਨ ਦੂਰ ਹੋ ਜਾਂਦੀ ਹੈ। ਗੁਲਾਬ ਦੇ ਫੁੱਲ ਲਹੂ ਦੀਆਂ ਬੂੰਦਾਂ ਨਾਲ ਭਿੱਜ ਕੇ ਆਪਣੀ ਖੁਸ਼ਬੂ ਫੈਲਾਉਂਦੇ ਹਨ ਅਤੇ ਸਾਨੂੰ ਆਪਣੇ ਆਸ-ਪਾਸ ਦੇ ਵਾਤਾਵਰਨ ਨੂੰ ਮਹਿਸੂਸ ਕਰਨ ਲਈ ਪ੍ਰੇਰਿਤ ਕਰਦੇ ਹਨ।ਲਹੂ ਵਿਚ ਭਿੱਜੇ ਗੁਲਾਬ ਦਾ ਦ੍ਰਿਸ਼ ਨਾ ਸਿਰਫ਼ ਸੁੰਦਰ ਹੁੰਦਾ ਹੈ, ਬਲਕਿ ਇਹ ਸਾਡੇ ਲਈ ਇੱਕ ਸੰਦੇਸ਼ ਵੀ ਹੈ। ਇਹ ਸਾਨੂੰ ਸਿਖਾਉਂਦਾ ਹੈ ਕਿ ਜਿਵੇਂ ਗੁਲਾਬ ਦੇ ਫੁੱਲ ਲਹੂ ਦੀਆਂ ਬੂੰਦਾਂ ਨਾਲ ਭਿੱਜ ਕੇ ਆਪਣੀ ਖੁਸ਼ਬੂ ਫੈਲਾਉਂਦੇ ਹਨ, ਤਿਵੇਂ ਹੀ ਅਸੀਂ ਵੀ ਜ਼ਿੰਦਗੀ ਦੀਆਂ ਚੁਣੌਤੀਆਂ ਨੂੰ ਸਾਹਮਣਾ ਕਰ ਕੇ ਆਪਣੀਆਂ ਸੰਭਾਵਨਾਵਾਂ ਨੂੰ ਵਿਕਸਿਤ ਕਰ ਸਕਦੇ ਹਾਂ।

**ਸੁਰਜੀਤ ਸਾਰੰਗ**
ਮੈਂਬਰ ਇੰਟਰਨੈਸ਼ਨਲ ਸਿੱਖ ਕੌਂਸਿਲ, ਨਵੀਂ ਦਿੱਲੀ 18
8130660205

# ਮੁੰਨੀ ਤੇ ਤੁੰਨੀ

ਪੂਰਨ ਸਿੱਖ ਲਈ ਅੰਮ੍ਰਿਤ ਦੀਆਂ ਰਹਿਤ ਮਰਿਯਾਦਾਵਾਂ ਪੂਰੀਆਂ ਕਰਦਿਆਂ ਦਾੜ੍ਹਾ ਪ੍ਰਕਾਸ਼ ਕਰਨਾ ਜ਼ਰੂਰੀ ਹੈ।ਇਸ ਨਾਲ ਸਾਬਤ ਸੂਰਤ ਗੁਰੂ ਦਾ ਸਿੱਖ ਹਜ਼ਾਰਾਂ ਵਿਚੋਂ ਸਹਿਜੇ ਹੀ ਪਛਾਣਿਆਂ ਜਾਂਦਾ ਹੈ।ਅੱਜਕਲ ਕਿਸੇ ਅੰਮ੍ਰਿਤਧਾਰੀ ਗੁਰਸਿੱਖ ਨੂੰ ਅਜਿਹਾ ਕਹਿਣਾ ਨਹੀਂ ਪੈਂਦਾ ਬਲਕਿ ਇਸ ਰਵਾਇਤ ਨੂੰ ਉਹ ਅੰਮ੍ਰਿਤਪਾਨ ਕਰਨ ਸਮੇਂ ਆਪਣੇ ਜੀਵਨ ਦਾ ਹਿੱਸਾ ਬਣਾ ਲੈਂਦਾ ਹੈ। ਇਸ ਦਾ ਇਤਿਹਾਸ ਕਿੰਨਾ ਕੁ ਪੁਰਾਣਾ ਹੈ ਮੈਨੂੰ ਇਸ ਦੀ ਜਾਣਕਾਰੀ ਨਹੀਂ। ਪਰ 1977 ਈ ਦੀ ਇਕ ਦਿਲਚਸਪ ਘਟਨਾ ਮੈਨੂੰ ਯਾਦ ਹੈ ਜਿਸ ਨੇ ਇਸ ਗੁਰ ਮਰਿਯਾਦਾ ਨੂੰ ਪੁਖਤਗੀ ਨਾਲ ਲਾਗੂ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ।

ਮੇਰੀ ਨਿਯੁਕਤੀ ਖੇਤਰ ਸਹਾਇਕ ਵਜੋਂ ਬਲਾਕ ਕੋਟਕਪੂਰਾ (ਫਰੀਦਕੋਟ)ਵਿਖੇ ਸੀ। ਪੰਜਾਬ ਵਿਚ ਅਕਾਲੀ ਦਲ ਦੀ ਸਰਕਾਰ ਸੀ।ਸ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਨ। ਸ ਆਤਮਾ ਸਿੰਘ, ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਸਨ।ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਉਪਰੰਤ, ਜੇਕਰ ਮੈਂ ਨਾ ਭੁੱਲਦਾ ਹੋਵਾਂ,ਉਨ੍ਹਾਂ ਕੋਟਕਪੂਰਾ ਦੇ ਪਿੰਡ ਗਿਆਨੀ ਜ਼ੈਲ ਸਿੰਘ ਸੰਧਵਾਂ ਵਿਖੇ ਆਉਣਾ ਸੀ। ਇਸ ਲਈ ਪੂਰਾ ਪੰਚਾਇਤੀ ਵਿਭਾਗ ਪੱਬਾਂ ਭਾਰ ਸੀ। ਸ ਸੰਪੂਰਨ ਸਿੰਘ ਬੀਡੀਪੀਓ ਅਤੇ ਸ ਜਗੀਰ ਸਿੰਘ ਰਾਹੀ ਪੰਚਾਇਤ ਅਫਸਰ ਨੇ ਆਪਣੇ ਅਮਲੇ ਫੈਲੇ ਨਾਲ ਦਿਨ ਰਾਤ ਇਕ ਕੀਤਾ ਹੋਇਆ ਸੀ।ਮੇਰਾ ਅੰਕੜਾ ਵਿਭਾਗ ਹੋਣ ਕਾਰਨ ਮੈਨੂੰ ਕੋਈ ਜਿੰਮੇਵਾਰੀ ਨਹੀਂ ਸੀ ਦਿੱਤੀ ਗਈ। ਪਰ ਸਮਾਗਮ ਦੀ ਅਪਡੇਟ ਮੇਰੇ ਨਾਲ ਪੰਚਾਇਤ ਅਫਸਰ ਸਾਂਝੀ ਕਰਿਆ ਕਰਦੇ ਸਨ ਕਿਉਕਿ ਮੇਰੀ ਸੀਟ ਉਨ੍ਹਾਂ ਦੇ ਕਮਰੇ ਵਿਚ ਸੀ।

ਸਮਾਗਮ ਵਾਲੇ ਦਿਨ ਦਫਤਰ ਦਾ ਲੱਗਭਗ ਸਾਰਾ ਅਮਲਾ ਫੈਲਾ ਸਮਾਗਮ ਦੀ ਕਾਮਯਾਬੀ ਲਈ ਗਿਆ ਹੋਇਆ ਸੀ। ਏਹੋ ਜੇਹੇ ਸਮਾਗਮ ਆਮ ਤੌਰ 'ਤੇ ਸਫ਼ਲ ਹੀ ਰਹਿੰਦੇ ਹਨ ਕਿਉਕਿ ਇਨ੍ਹਾਂ ਵਿਚ ਜਿਲ੍ਹਾ ਪ੍ਰਸ਼ਾਸਨ ਵੀ ਸ਼ਾਮਲ ਹੋ ਜਾਂਦਾ ਹੈ। ਸਮਾਗਮ ਕਾਮਯਾਬ ਰਿਹਾ। ਮੰਤਰੀ ਜੀ ਨੇ ਖੁਸ਼ ਹੋ ਕੇ ਬਲਾਕ ਦੇ ਪੰਚਾਇਤ ਸਕੱਤਰਾਂ ਨੂੰ ਨਨਕਾਣਾ ਸਾਹਿਬ ਤੋਂ ਲਿਆਂਦੇ ਕੜੇ ਵੰਡਣ ਦਾ ਐਲਾਨ ਕੀਤਾ ਤਾਂ ਸਾਰੇ ਸੈਕਟਰੀ ਲਾਈਨ ਅੱਪ ਹੋ ਗਏ। ਮੰਤਰੀ ਜੀ ਨੇ ਕੜੇ ਵੰਡਣੇ ਸ਼ੁਰੂ ਕੀਤੇ ਤਾਂ ਸਤਵੇਂ ਅੱਠਵੇਂ ਸੈਕਟਰੀ ਦੀ ਦਾੜ੍ਹੀ ਕੱਟੀ ਹੋਈ ਸੀ. ਮੰਤਰੀ ਜੀ ਨੇ ਕਿਹਾ ਕਿ ਕਾਕਾ ਤੈਨੂੰ ਕੜਾ ਨਹੀਂ ਦੇਣਾ, "ਤੂੰ ਦਾੜ੍ਹੀ ਮੁੰਨੀ ਹੋਈ ਹੈ।" ਸੈਕਟਰੀ ਨੇ ਗੱਲ ਬੋਚਦਿਆਂ ਕਿਹਾ, "ਇਹਦਾ ਕੀ ਫਰਕ ਹੈ, ਮੈਂ ਦਾੜ੍ਹੀ ਮੁੰਨੀ ਹੈ ਤੇ ਤੁਸਾਂ ਤੁੰਨੀ ਹੈ।" ਹਾਜ਼ਰ ਅਫਸਰਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਤੇ ਉਨ੍ਹਾਂ ਵਿਚ ਵਿਚਾਲੇ ਪੈ ਕੇ ਮੰਤਰੀ ਜੀ ਨੂੰ ਗੁੱਸੇ ਨਹੀਂ ਹੋਣ ਦਿੱਤਾ। ਪਰ ਸੈਕਟਰੀ ਦੀ ਗੱਲ ਨੇ ਸਾਰਿਆਂ ਨੂੰ ਸੋਚਣ ਲਈ ਮਜ਼ਬੂਰ ਕਰ ਦਿੱਤਾ ਕਿ ਅੰਮ੍ਰਿਤਧਾਰੀ ਸਿੰਘ ਨੂੰ ਦਾੜ੍ਹਾ ਬੰਨਣਾ ਨਹੀਂ, ਪ੍ਰਕਾਸ਼ ਕਰਨਾ ਚਾਹੀਦਾ ਹੈ। ਅਸਲ ਵਿਚ ਸ ਆਤਮਾ ਸਿੰਘ ਜੀ ਸਿੱਖੀ ਵਿਚ ਪ੍ਰਪੱਕ ਹੁੰਦਿਆਂ ਵੀ ਦਾੜ੍ਹੇ ਦੀਆਂ ਤਿੰਨ ਕੁ ਗੁੱਟੀਆਂ ਬਣਾ ਕੇ ਵਾਲ ਖੁੱਲੇ ਛੱਡਣ ਥਾਂ ਸੰਭਾਲ ਲੈਂਦੇ ਸਨ। ਪਰ ਇਸ ਘਟਨਾ ਬਾਅਦ ਉਨ੍ਹਾਂ ਦਾੜ੍ਹਾ ਅੰਤਿਮ ਸਮੇਂ ਤਕ ਖੁੱਲ੍ਹਾ ਰੱਖਿਆ।

'ਮੁੰਨੀ ਤੇ ਤੁੰਨੀ' ਵਾਲੀ ਗੱਲ ਦੀ ਚਰਚਾ ਪ੍ਰਿੰਟ ਮੀਡੀਆ ਵਿਚ ਵੀ ਹੋਈ। ਇਸ ਘਟਨਾ ਤੋਂ ਪਹਿਲਾਂ ਅੰਮ੍ਰਿਤਧਾਰੀ ਸਿੱਖਾਂ ਦੀਆਂ ਫੋਟੋ ਦੇਖੀਏ ਤਾਂ ਰਲਵੀਆਂ ਮਿਲਵੀਆਂ ਮਿਲਣਗੀਆਂ। ਕੋਈ ਦਾੜ੍ਹਾ ਪ੍ਰਕਾਸ਼ ਵੀ ਕਰਦੇ ਸਨ ਤੇ ਕੋਈ ਬੰਨ੍ਹ ਵੀ ਲੈਂਦੇ ਸਨ। ਪਰ ਹੁਣ ਖੁੱਲ੍ਹੇ ਦਾੜ੍ਹੇ ਦੀ ਰਵਾਇਤ ਸਥਾਪਿਤ ਹੋ ਚੁੱਕੀ ਹੈ ਬੰਨ੍ਹਦਾ ਕੋਈ ਨਹੀਂ ; ਜੋ ਸਿੱਖੀ ਸਿਧਾਂਤਾਂ ਦੇ ਅਨੁਰੂਪ ਹੈ।

**ਰੂਪ ਲਾਲ ਰੂਪ**
ਪਿੰਡ ਭੇਲਾਂ ਡਾਕਖਾਨਾ ਨਾਜਕਾ
ਜਿਲ੍ਹਾ ਜਲੰਧਰ (ਪੰਜਾਬ)
94652-25722

LARRY T. NIERMEYER

Attorney at Law
OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation

PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600
With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-
With Installation
Singh: 510-766-9382

**Firestone FS591**

STEER TIRE
295/75R22.5
With Installation
Singh: 510-766-9382

SPECIAL OFFER !!



11R22.5
With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-
With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-
With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-
With Installation
Singh: 510-766-9382



FALKEN TIRES · GOODYEAR · KELLY TIRES · BARKLEY Feel the difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

## S. Singh Cell: (510) 766-9382

2955 N. Wilson Way Stockton , CA 95205